੧ੴ ਵਾਹਿਗੁਰੂ ਜੀ ਕੀ ਫ਼ਤਹ॥

# ਸਿੱਖਾਂ ਦੇ ਤਾਰੀਖ਼ੀ ਤਬੱਰੁਕਾਤ

## HISTORICAL RELICS OF THE SIKHS


ਲੇਖਕ

**ਸ਼ਮਸ਼ੇਰ ਸਿੰਘ 'ਅਸ਼ੋਕ'**



ਪ੍ਰਕਾਸ਼ਕ :

**ਧਰਮ ਪ੍ਰਚਾਰ ਕਮੇਟੀ**

(ਸ਼੍ਰੋਮਣੀ ਗੁ: ਪ੍ਰ: ਕਮੇਟੀ)

ਸ੍ਰੀ ਅੰਮ੍ਰਿਤਸਰ।


ਭੇਟਾ ਰਹਿਤ

# ਵਿਸ਼ੈ–ਸੂਚੀ


ਮੁੱਢਲੀ ਜਾਣ-ਪਛਾਣ ੨

੧. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤ੍ਰ-ਅਸਤ੍ਰ ੩-੧੩

੨. ਸ੍ਰੀ ਦਸ਼ਮੇਸ਼ ਦੀ ਬਖਸ਼ਿਸ਼–ਰਾਇ ਕਲ੍ਹੇ ਦੀ ਤਲਵਾਰ ੧੪-੨੧

੩. ਸ੍ਰੀ ਦਸ਼ਮੇਸ਼ ਦੇ ਸ਼ਸਤ੍ਰ-ਅਸਤ੍ਰਾਂ ਦੀ ਪ੍ਰਾਪਤੀ ਦਾ ਦਿਲਚਸਪ ਪਿਛੋਕੜ ੨੧-੨੮

੪. ਮਹਾਰਾਜਾ ਰਣਜੀਤ ਸਿੰਘ ਜੀ ਦਾ ਪੁਸਤਕਾਲਯ ੨੯-੩੬

# ਮੁੱਢਲੀ ਜਾਣ-ਪਛਾਣ

ਇਹ ਛੋਟੀ ਜਿਹੀ ਖੋਜ-ਨਿਬੰਧਾਵਲੀ, ਜਿਸ ਵਿੱਚ ਚਾਰ ਵੱਖੋ-ਵੱਖ ਲੇਖ ਸ਼ਾਮਲ ਹਨ, ਜੂਨ ਸੰਨ ੧੯੪੫, ੧੯੪੯ ਤੇ ੧੯੬੬ ਵਿੱਚ ਲਿਖੀ ਗਈ ਸੀ, ਜੋ ਰੋਜ਼ਾਨਾ ਅਕਾਲੀ (ਲਾਹੌਰ) ਤੇ ਰੋਜ਼ਾਨਾ ਅਕਾਲੀ ਪਤ੍ਰਿਕਾ (ਜਲੰਧਰ) ਵਿੱਚ ਅਤੇ ਸਰਕਾਰ ਪਟਿਆਲਾ ਦੇ ਪਟਿਆਲਾ ਸਮਾਚਾਰ (੧੯੪੫-੪੬) ਵਿੱਚ ਛਪੀ ਸੀ। ਉਸ ਸਮੇਂ ਇਸ ਨਿਬੰਧਾਵਲੀ ਰਾਹੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤ੍ਰ-ਅਸਤ੍ਰ ਤੇ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਅਦੁੱਤੀ ਪੁਸਤਕਾਲਯ ਦੀ ਵਾਪਸੀ ਦਾ ਸਵਾਲ ਸੀ। ਮਹਾਰਾਜਾ ਰਣਜੀਤ ਸਿੰਘ ਦਾ ਚਾਂਦੀ ਦਾ ਬੰਗਲਾ ਅਰਥਾਤ ਤਖ਼ਤਿ ਰਵਾਂ, ਜਿਸ ਵਿੱਚ ਮਹਾਰਾਜਾ ਕਈ ਵਾਰ ਲਾਹੌਰ ਤੇ ਕਈ ਵਾਰ ਰਾਮ ਬਾਗ ਅੰਮ੍ਰਿਤਸਰ ਬੈਠ ਕੇ ਦਰਬਾਰ ਕਰਿਆ ਕਰਦਾ ਸੀ, ਸੰਨ ੧੮੪੯ ਵਿੱਚ ਸਿੱਖ ਰਾਜ ਖ਼ਤਮ ਹੋਣ 'ਤੇ ਅੰਗਰੇਜ਼ੀ ਹਕੂਮਤ ਨੇ ਬੰਬਈ ਦੀ ਟਕਸਾਲ ਵਿੱਚ ਮਲਿਕਾ ਦੀ ਗੁੱਤ ਵਾਲੇ ਰੁਪਏ ਢਾਲਣ ਲਈ ਭੇਜ ਕੇ ਖ਼ਤਮ ਕਰ ਦਿੱਤਾ ਸੀ। ਇਸ ਸਮੇਂ ਦੇ ਦੌਰਾਨ ਦਸਮੇਸ਼ ਜੀ ਦੇ ਸ਼ਸਤ੍ਰ-ਅਸਤ੍ਰ, ਕਲਗੀ ਤੇ ਮਹਾਰਾਜਾ ਰਣਜੀਤ ਸਿੰਘ ਦੀ ਕੁਰਸੀ ਸਮੇਤ ਉਨ੍ਹਾਂ ਦੇ ਬਜ਼ੁਰਗਾਂ ਦੇ ਜ਼ਿਰਹ ਬਸਤਰ, ਕਪੜੇ ਆਦਿ ਜਿਨ੍ਹਾਂ ਉੱਤੇ ਲਹੂ ਦੇ ਛਿੱਟੇ ਲੱਗੇ ਹੋਏ ਸਨ, ਵਿਲਾਇਤ ਦੇ ਅਜਾਇਬ ਘਰਾਂ ਦੀ ਸ਼ਾਨ ਵਧਾਉਣ ਲਈ ਭੇਜੇ ਗਏ ਸਨ। ਇਨ੍ਹਾਂ ਤੋਂ ਬਿਨਾਂ ਮਹਾਰਾਜਾ ਰਣਜੀਤ ਸਿੰਘ ਦੇ ਪੁਸਤਕਾਲੇ ਸਮੇਤ ਕਿਤਨੀਆਂ ਹੋਰ ਦੁਰਲੱਭ ਪੁਸਤਕਾਂ ਸਿੱਖਾਂ ਤੋਂ ਖੋਹ ਕੇ ਵਿਲਾਇਤ ਭੇਜੀਆਂ ਗਈਆਂ। ਇਹ ਘਟਨਾ ਜ਼ਰਾ ਹੋਰ ਵੀ ਹਿਰਦੇ ਨੂੰ ਵਿੰਨ੍ਹਣ ਵਾਲੀ ਹੈ। ਹੁਣ ਸਿੱਖ ਸੰਗਤਾਂ ਵਲੋਂ ਨਵੇਂ ਸਿਰੇ ਫੇਰ ਸਿੱਖਾਂ ਦੀਆਂ ਇਹ ਪਵਿਤ੍ਰ ਚੀਜ਼ਾਂ ਜਾਂ ਹੋਰ ਯਾਦਗਾਰੀ ਵਸਤਾਂ, ਜੋ ਵਿਲਾਇਤ ਵਿੱਚ ਹਨ, ਉਨ੍ਹਾਂ ਦੀ ਵਾਪਸੀ ਦੀ ਮੰਗ ਜ਼ੋਰ ਫੜ ਰਹੀ ਹੈ। ਇਸ ਲਈ ਜੇ ਇਸ ਖੋਜ-ਨਿਬੰਧਾਵਲੀ ਤੋਂ ਇਸ ਬਾਰੇ ਦੇਸ਼-ਵਾਸੀਆਂ ਵਿੱਚ ਵਧੀਕ ਜੋਸ਼ ਤੇ ਜਾਗ੍ਰਿਤ ਆਵੇ, ਉਹ ਆਪਣਾ ਅਸਲਾ ਪਛਾਣਨ ਦੀ ਕੋਸ਼ਿਸ਼ ਕਰਨ ਤੇ ਆਪਣੀਆਂ ਇਤਿਹਾਸਕ ਚੀਜ਼ਾਂ ਵਾਪਸ ਮੰਗਵਾ ਸਕਣ ਤਾਂ ਮੇਰਾ ਇਹ ਨਾਚੀਜ਼ ਜਿਹਾ ਪ੍ਰਯਤਨ ਕਾਫ਼ੀ ਹੱਦ ਤਕ ਸਫਲ ਹੋਵੇਗਾ।

*—ਸ਼ਮਸ਼ੇਰ ਸਿੰਘ 'ਅਸ਼ੋਕ'*

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤ੍ਰ-ਅਸਤ੍ਰ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੰਸਾਰ ਦੇ ਆਗੂਆਂ ਵਿੱਚ ਇਕ ਵਿਸ਼ੇਸ਼ ਸਥਾਨ ਰੱਖਦੇ ਹਨ। ਧਾਰਮਿਕ ਨੇਤਾ ਹੋਣ ਦੇ ਨਾਲ ਹੀ ਉਨ੍ਹਾਂ ਵਿੱਚ ਰਾਜਨੀਤਕ ਵਿਸ਼ੇਸ਼ਤਾ ਬਹੁਤੀ ਇਹ ਸੀ ਕਿ ਉਹ ਦੇਸ਼-ਵਾਸੀਆਂ ਨੂੰ ਮੁਰਦਿਹਾਨੀ ਦੀ ਜ਼ਿੰਦਗੀ ਵਿਚੋਂ ਕੱਢ ਕੇ ਸਮਾਨਤਾ ਦੀ ਉਸ ਪੱਧਰ 'ਤੇ ਲਿਆ ਖਲ੍ਹਾਰਨਾ ਚਾਹੁੰਦੇ ਸਨ, ਜਿਸ ਵਿੱਚ ਹਰ ਇਕ ਇਨਸਾਨ ਨੂੰ ਪੂਰਨ ਸੁਤੰਤਰਤਾ ਹੁੰਦੀ ਹੈ ਤੇ ਰੱਬ ਦੇ ਬੰਦੇ ਆਪਸ ਵਿੱਚ ਭਾਈ ਭਾਈ ਬਣੇ ਰਹਿਣ ਦਾ ਮਾਣ ਪ੍ਰਾਪਤ ਕਰਦੇ ਹਨ। ਇਸੇ ਕਰਕੇ ਗੁਰੂ ਸਾਹਿਬ ਨੇ ਨਾਮ ਜਪਣ ਦੇ ਨਾਲ ਹੀ ਸਿੱਖਾਂ ਨੂੰ ਸ਼ਸਤ੍ਰਧਾਰੀ ਬਣੇ ਰਹਿਣ ਦਾ ਉਪਦੇਸ਼ ਦਿੱਤਾ:

ਹੂਆ ਬਚਨ ਤਬ 'ਸੰਗਤੀ' ਆਯੁਧ ਬਾਂਧਹੁ ਨਿੱਤ।
ਸੁਣਿਆ ਮੰਨਿਆ ਬਾਕ ਤਿਨ, ਸਸਤ੍ਰ ਸੰਗਤੀ ਮਿੱਤ। ੯।

(ਸੂ: ਪ੍ਰ:, ਰੁਤ ੫, ਅੰਸੂ ੪੦, ਪੰਨਾ-੫੬੨੯)

ਤੇ ਹਰ ਇਕ ਸਿੱਖ ਨੂੰ ਸ਼ਸਤ੍ਰ ਵਿਦਿਆ ਸਿੱਖਣ ਲਈ ਪ੍ਰੇਰਿਆ। ਗੁਰੂ ਜੀ ਦੇ ਦਰਬਾਰ ਵਿੱਚ ਹਿੰਦੂ, ਮੁਸਲਿਮ ਅਦਿ ਲੱਗ-ਭਗ ਸਾਰੀਆਂ ਕੌਮਾਂ ਦੇ ਲੋਕ ਸਨ। ਜਿਥੇ ਉਨ੍ਹਾਂ ਪਾਸ ਪੰਜ ਪਿਆਰਿਆਂ ਜਿਹੇ ਆਪਾ ਵਾਰਨ ਵਾਲੇ ਸਿੰਘ ਸਨ। ਉਥੇ ਪੀਰ ਬੁੱਧੂ ਸ਼ਾਹ, ਗਨੀ ਖ਼ਾਨ, ਨਬੀ ਖ਼ਾਨ ਵਰਗੇ ਕੁਰਬਾਨੀ ਦੇ ਪੁਤਲਿਆਂ ਦੀ ਵੀ ਕਮੀ ਨਹੀਂ ਸੀ। ਗੁਰੂ ਸਾਹਿਬ, ਜਿਸ ਤਰ੍ਹਾਂ ਕਿ ਉਨ੍ਹਾਂ ਦੀ ਬਾਣੀ ਤੋਂ ਪਤਾ ਲੱਗਦਾ ਹੈ, ਮਨੁੱਖੀ-ਏਕਤਾ ਦੇ ਹਾਮੀ, ਮਜ਼ਹਬੀ ਖਿੱਚੋਤਾਣ ਤੋਂ ਰਹਿਤ ਤੇ ਨਿਰਵੈਰ ਸਨ:

੧. ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫ਼ੀ,
ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ।।
ਕਰਤਾ ਕਰੀਮ ਸੋਈ, ਰਾਜ਼ਕ ਰਹੀਮ ਓਈ,
ਦੂਸਰੋ ਨ ਭੇਦ ਕੋਈ, ਭੂਲ ਭ੍ਰਮ ਮਾਨਬੋ......।।੧੫।।੮੫।।

੨. ਦੇਹੁਰਾ ਮਸੀਤ ਸੋਈ, ਪੂਜ ਔ ਨਿਵਾਜ ਓਈ,
ਮਾਨਸ ਸਭੈ ਏਕ ਪੈ ਅਨੇਕ ਕੋ ਭ੍ਰਮਾਉ ਹੈ...।।੧੬।।੮੬।।

(ਅਕਾਲ ਉਸਤਤਿ, ਦਸਮ ਗ੍ਰੰਥ ਪੰਨਾ ੧੯)

ਪਰ ਨਿਹੱਥੀ ਪਰਜਾ 'ਤੇ ਜ਼ੁਲਮ ਹੁੰਦੇ ਦੇਖ ਕੇ ਉਹ ਸਹਾਰ ਨਹੀਂ ਸਨ ਸਕਦੇ। ਇਹੋ ਕਾਰਨ ਸੀ ਜਿਸ ਕਰਕੇ ਉਹ ਮੁਗ਼ਲੀਆ ਸਲਤਨਤ ਦੀਆਂ ਅੱਖਾਂ ਵਿੱਚ

ਰੜਕੇ ਤੇ ਰਾਜਾ ਭੀਮ ਚੰਦ, ਫ਼ਤੇ ਸ਼ਾਹ ਆਦਿ ਪਹਾੜੀ ਰਾਜਿਆਂ ਨੇ ਉਨ੍ਹਾਂ ਨੂੰ ਸੁਾਧੀਨਤਾ ਦੇ ਹਾਮੀ ਦੇਖ ਕੇ ਤੰਗ ਕਰਨਾ ਸ਼ੁਰੂ ਕੀਤਾ, ਪਰ ਗੁਰੂ ਜੀ ਦੇ ਚਿੱਤ ਉੱਤੇ ਵਿਰੋਧੀ ਪੱਖ ਦੇ ਅਜਿਹੇ ਕਿਸੇ ਵੀ ਕੋਝ ਜਾਂ ਘਟੀਆਪਨ ਦਾ ਕੋਈ ਅਸਰ ਨਾ ਪਿਆ ਤੇ ਉਹ ਸਾਰੀ ਉਮਰ ਕੁਰਬਾਨੀਆਂ ਕਰਦੇ ਹੋਏ ਮਰਦਾਂ ਦੀ ਤਰ੍ਹਾਂ ਬੜੀ ਦ੍ਰਿੜ੍ਹਤਾ ਨਾਲ ਆਪਣੇ ਇਰਾਦੇ ਉੱਤੇ ਡਟੇ ਰਹੇ।

ਸ਼ਸਤ੍ਰ ਅਸਤ੍ਰਾਂ ਦੇ ਮੁਕਾਬਲੇ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੋਰ ਮਾਇਕ ਪਦਾਰਥਾਂ ਨੂੰ ਤੁੱਛ ਗਿਣਦੇ ਸਨ। ਮਹਾਤਮਾ ਬੁੱਧ ਤੇ ਮਹਾਂਵੀਰ ਦੇ ਅਹਿੰਸਕ ਭਾਵ, ਜੋ ਹਿੰਦੂ ਜਾਤੀ ਵਿੱਚ ਸਦੀਆਂ ਤੋਂ ਭਰਦੇ ਚਲੇ ਆ ਰਹੇ ਤੇ ਦੇਸ਼ ਨੂੰ ਦਿਨੋ-ਦਿਨ ਢਹਿੰਦੀ ਕਲਾ ਵੱਲ ਲਿਜਾ ਰਹੇ ਸਨ, ਗੁਰੂ ਸਾਹਿਬ ਨੇ ਤਕੜੀ ਜੱਦੋ-ਜਹਿਦ ਕਰਕੇ ਦੂਰ ਕੀਤੇ ਤੇ ਸਿੰਘ ਸੂਰਮਿਆਂ ਦੀ ਸ਼ਸਤ੍ਰਧਾਰੀ ਫ਼ੌਜ ਸਜਾ ਕੇ ਦੇਸ਼ ਦੀ ਰਖਯਾ ਲਈ ਸੱਚੀ ਅਹਿੰਸਾ ਦਾ ਰਾਹ ਦੱਸਿਆ। ਉਹ ਅਹਿੰਸਾ, ਜੀਹਦੇ ਅਸੂਲਾਂ 'ਤੇ ਚੱਲਣ ਨਾਲ ਦੇਸ਼-ਵਾਸੀ ਆਪਣੀ ਕੌਮੀਅਤ ਦਾ ਤੇ ਆਪਣਾ ਘਾਤ ਕਰਨ ਤੋਂ ਬਚੇ ਰਹਿਣ ਤੇ ਆਪਣੀ ਆਨ-ਇੱਜ਼ਤ ਨੂੰ ਸੰਭਾਲ ਸਕਣ। ਸਿੱਖ ਪੁਰਾਤਨ ਸਮੇਂ ਤੋਂ ਸਤਿਗੁਰਾਂ ਅੱਗੇ ਬਤੌਰ ਭੇਟਾ ਮੋਹਰਾਂ ਜਾਂ ਰੁਪਏ ਅਰਦਾਸ ਕਰਦੇ ਆ ਰਹੇ ਸਨ, ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਨੂੰ ਚੰਗੇ ਸ਼ਸਤ੍ਰ-ਅਸਤ੍ਰ ਜਾਂ ਘੋੜੇ ਲਿਆਉਣ ਲਈ ਹੁਕਮਨਾਮੇ ਲਿਖੇ[1] ਤੇ ਸ਼ਸਤ੍ਰ-ਵਿਦਿਆ ਦਾ ਪ੍ਰਚਾਰ ਸ਼ੁਰੂ ਕੀਤਾ ਅਤੇ ਹੁਕਮ ਕੀਤਾ ਕਿ ਬਿਨਾਂ ਸ਼ਸਤ੍ਰ ਸਜਾਏ ਕੋਈ ਸਿੰਘ ਦਰਬਾਰ ਵਿੱਚ ਨਾ ਆਵੇ:

ਪੁਨੰ ਸੰਗ ਸਾਰੇ ਪ੍ਰਭੂ ਜੀ ਸੁਨਾਈ।
ਬਿਨਾਂ ਤੇਗ ਤੀਰੰ, ਰਹੋ ਨਾਂਹ ਭਾਈ।
ਇਹੈ ਮੋਰ ਬੈਨਾ, ਮੰਨੇਗਾ ਸੁ ਜੋਈ।
ਤਿਸੈ ਇਛ ਪੂਰੰ, ਸਭੈ ਜਾਨ ਹੋਈ।

(ਗੁਰ ਬਿਲਾਸ ਪਾਤ:੧੦, ਸੁਖਾ ਸਿੰਘ, ਪੰਨਾ-੩੬੪)

ਆਯੁਧ ਬਿੱਦਯਾ ਕੋ ਅੱਭਯਾਸਹੁ।
ਬਨਹੁ ਬੀਰ ਅਰਿ ਸਮੁਖ ਬਿਨਾਸ਼ਹੁ।
ਜਗਤ ਪਦਾਰਥ ਸਗਰੇ ਪਾਵਹੁ।
ਭੋਗਹੁ ਆਪ ਭਿ ਅਵਰ ਭੁਗਾਵਹੁ।। ੧੪।।

(ਸੂਰਜ ਪ੍ਰਕਾਸ਼, ਅਯਨ ੨, ਅੰਸੂ ੨੩ ਪੰਨਾ-੬੩੨੮)

ਇਸ ਤਰ੍ਹਾਂ ਆਗਯਾਪਤ੍ਰ ਜਾਰੀ ਹੋਣ 'ਤੇ ਜੋ ਸਭ ਤੋਂ ਚੰਗੀ ਭੇਟ ਪੁੱਜੀ, ਉਹ ਰਾਜਾ ਰਤਨ ਰਾਇ ਆਸਾਮ ਵਾਲੇ ਵਲੋਂ ਸੀ। ਇਸ ਭੇਟਾ ਵਿੱਚ ਗਿਆਨੀ ਗਿਆਨ

---

1 ਗਿਆਨੀ ਗਿਆਨ ਸਿੰਘ, ਤਵਾਰੀਖ ਗੁਰੂ ਖ਼ਾਲਸਾ (ਛਾਪਾ ਪੱਥਰ), ਸਫ਼ਾ ੨੮੫।

ਸਿੰਘ ਦੇ ਕਥਨ ਅਨੁਸਾਰ ਪੰਜ ਕਲਾ ਸ਼ਸਤ੍ਰ[1], ਪ੍ਰਸਾਦੀ ਹਾਥੀ, ਪੰਜ ਵਧੀਆ ਘੋੜੇ, ਚੰਦਨ ਦੀ ਚੌਕੀ, ਫੌਲਾਦੀ ਸੰਜੋਅ ਆਦਿ ਬਹੁ-ਮੁੱਲੀਆਂ ਚੀਜ਼ਾਂ ਸਨ। ਗੁਰੂ ਸਾਹਿਬ ਅਜਿਹੀਆਂ ਸ਼ਸਤ੍ਰ-ਅਸਤ੍ਰ ਆਦਿ ਯੁੱਧ ਸੰਬੰਧੀ ਭੇਟਾ ਲੈਂਦੇ ਤੇ ਕੁਝ ਉਨ੍ਹਾਂ ਵਿੱਚੋਂ ਜ਼ਰੂਰਤ ਦੇ ਮੁਤਾਬਿਕ ਖ਼ੁਦ ਰੱਖਦੇ ਤੇ ਕੁਝ ਯੋਗ ਸੱਜਣਾਂ ਵਿੱਚ ਵੰਡਦੇ ਰਹਿੰਦੇ ਸਨ, ਜਿਸ ਤਰ੍ਹਾਂ ਕਿ ਸੂਰਜ ਪ੍ਰਕਾਸ਼ (ਰੁੱਤ ੧, ਅੰਸੂ ੧੯) ਵਿੱਚ ਲਿਖਿਆ ਹੈ:

ਸੁਨਿ ਸੁਨਿ ਜਸੁ ਆਵਹਿੰ ਨਰ ਘਨੇ।
ਆਯੁਧ ਅਰਪਤਿ ਹੈਂ ਅਨਗਿਨੇ।
ਬੀਰ ਸਮੀਪੀ ਬਖਸ਼ਨ ਕਰੈਂ।
ਗਹੇ ਸੁ ਹਰਖ ਰਿਦੇ ਬਹੁ ਧਰੈਂ॥੮॥ (ਪੰਨਾ ੪੫੬੯)

ਇਸ ਉਦਾਰਤਾ ਵਿੱਚ ਗੁਰੂ ਜੀ ਦੀ ਮਜ਼ਲੂਮ ਦੇਸ਼ ਵਾਸੀਆਂ ਨੂੰ ਸ਼ਸਤ੍ਰ ਵਿਦਜਾ ਵਿੱਚ ਹਰ ਤਰ੍ਹਾਂ ਨਿਪੁੰਨ ਕਰਕੇ ਕੌਮੀਅਤ ਦੀ ਇਕ ਲੜੀ ਵਿੱਚ ਪਰੋਣ ਦੀ। ਇਸੇ ਲਈ ਉਨ੍ਹਾਂ ਨੇ ਧਰਮ ਦੇ ਨਾਲ ਸ਼ਸਤ੍ਰ-ਵਿਦਜਾ ਦਾ ਸੰਬੰਧ ਜੋੜਿਆ ਤੇ ਆਪਣੇ ਬਹਾਦਰਾਂ ਨੂੰ ਖੰਡੇ ਦਾ ਅੰਮ੍ਰਿਤ ਛਕਾ ਕੇ ਸ਼ਸਤ੍ਰ-ਅਸਤ੍ਰਾਂ ਦੇ ਧਾਰਨੀ ਹੋਣ ਲਈ ਰਹਿਤਨਾਮਿਆਂ ਰਾਹੀਂ ਇਸ ਤਰ੍ਹਾਂ ਤਾਕੀਦਾਂ ਕੀਤੀਆਂ:

(ੳ) ਕਛ ਕ੍ਰਿਪਾਨ ਨ ਕਬਹੂੰ ਤਿਆਗੈ।
ਸਨਮੁਖ ਲਰੈ ਨ ਰਣ ਤੇ ਭਾਗੈ। (ਰਹਿਤਨਾਮਾ ਭਾਈ ਦੇਸਾ ਸਿੰਘ)

(ਅ) ਸ਼ਸਤ੍ਰ ਹੀਣ ਜੋ ਕਬਹੂੰ ਨ ਹੋਈ।
ਰਹਿਤਵੰਤ ਖਾਲਸਾ ਸੋਈ। (ਰਹਿਤ ਨਾਮਾ, ਭਾ: ਦੇਸਾ ਸਿੰਘ)

(ਅ) ਘੋੜੇ ਔਰ ਸ਼ਸਤ੍ਰ ਕੀ ਸਾਰ ਰਖੈ। (ਰਹਿਤਨਾਮਾ, ਭਾਈ ਦਯਾ ਸਿੰਘ)

(ੲ) ਸ਼ਸਤ੍ਰ ਰਖਣੇ ਰਣ ਮੈਂ ਪਿੱਠ ਨਹੀਂ ਦੇਣੀ। (ਰਹਿਤਨਾਮਾ, ਭਾ: ਚੌਪਾ ਸਿੰਘ)

ਪੰਜ ਕਕਾਰਾਂ ਵਿਚੋਂ ਕ੍ਰਿਪਾਨ ਇਕ ਜ਼ਰੂਰੀ ਕਕਾਰ ਹੈ, ਜਿਸ ਨੂੰ ਗੁਰੂ ਦੇ ਸਿੱਖ ਮੁੱਢ ਕਦੀਮ ਤੋਂ ਧਾਰਨ ਕਰਦੇ ਆ ਰਹੇ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤ੍ਰ-ਅਸਤ੍ਰ, ਜੋ ਉਨ੍ਹਾਂ ਨੇ ਖ਼ੁਦ ਧਾਰਨ ਕੀਤੇ,

---

1 ਸੂਰਜ ਪ੍ਰਕਾਸ਼, ਰੁੱਤ ੧, ਅੰਸ਼ੂ ੨੨ ਵਿੱਚ ਰਾਜਾ ਰਤਨ ਰਾਇ ਆਸਾਮ ਵਾਲੇ ਦੀਆਂ ਭੇਟਾਂ ਦਾ ਜ਼ਿਕਰ ਕਰਦਿਆਂ 'ਪੰਜ ਕਲਾ ਸ਼ਸਤ੍ਰ' ਬਾਰੇ ਇਸ ਤਰ੍ਹਾਂ ਖੋਲ੍ਹ ਕੇ ਲਿਖਿਆ ਹੈ:

ਪੰਚ ਕਲਾ ਇਹ ਸ਼ਸਤ੍ਰ ਬਿਸਾਲਾ। ਕਰਹਿ ਕਾਜ ਬਹੁਤੇ ਰਣ ਕਾਲਾ॥੪੨॥
ਬਰਛੀ, ਜਮਧਰ, ਖੜਗ, ਤਮਾਂਚਾ। ਚਹੌਂ ਸੁ ਕਰੋ ਰੋਸ ਰਣ ਰਾਚਾ।
ਦੁਸ਼ਮਨ ਹਤਹੁ ਦਾਵ ਜਸ ਹੋਇ। ਇਸ ਤੇ ਬਚਿ ਕੈ ਜਾਇ ਨ ਕੋਇ॥੪੩॥
(ਸੂਰਜ ਪ੍ਰਕਾਸ਼, ਪੰਨਾ ੪੫੯੨)

ਅਥਵਾ ਆਪਣੇ ਸਿੱਖਾਂ ਸੇਵਕਾਂ ਨੂੰ ਬਤੌਰ ਬਖ਼ਸ਼ਿਸ਼ ਦਿੱਤੇ, ਗਿਣਤੀ ਵਿੱਚ ਕਾਫ਼ੀ ਹਨ ਤੇ ਇਹ ਸ਼ਸਤ੍ਰ-ਅਸਤ੍ਰ ਅਨੇਕ ਥਾਵੀਂ ਦੇਖਣ-ਸੁਣਨ ਵਿੱਚ ਆਉਂਦੇ ਹਨ। ਗੁਰੂ ਜੀ ਦੇ ਸ਼ਸਤ੍ਰ-ਅਸਤ੍ਰ, ਜਿਸ ਤਰ੍ਹਾਂ ਕਿ ਉਸ ਵੇਲੇ ਦਾ ਆਮ ਰਿਵਾਜ ਸੀ, ਚਾਰ ਕਿਸਮ ਦੇ ਮਿਲਦੇ ਹਨ:

## (੧) ਮੁਕਤ:

ਜੋ ਹੱਥੋਂ ਛੱਡ ਕੇ ਚਲਾਏ ਜਾਂਦੇ ਸਨ, ਜਿਸ ਤਰ੍ਹਾਂ ਕਿ ਚੱਕਰ, ਤੀਰ ਆਦਿ। ਜੋ ਮੁਕਤ ਸ਼ਸਤ੍ਰ ਹਨ, ਉਨ੍ਹਾਂ ਨੂੰ ਹੀ ਦੂਜੇ ਸ਼ਬਦਾਂ ਵਿੱਚ ਅਸਤ੍ਰ ਕਿਹਾ ਜਾਂਦਾ ਹੈ।

## (੨) ਅਮੁਕਤ:

ਜੋ ਚਲਾਉਣ ਵੇਲੇ ਹੱਥੋਂ ਨਹੀਂ ਛੱਡੇ ਜਾਂਦੇ, ਜਿਸ ਤਰ੍ਹਾਂ ਕਿ ਤਲਵਾਰ, ਕਟਾਰ ਆਦਿ।

## (੩) ਮੁਕਤਾਮੁਕਤ:

ਜੋ ਸ਼ਸਤ੍ਰ ਹੱਥ ਵਿਚ ਰੱਖ ਕੇ ਵੀ ਚਲਾਏ ਜਾਂਦੇ ਹਨ ਤੇ ਹੱਥੋਂ ਛੱਡ ਕੇ ਵੀ, ਜਿਸ ਤਰ੍ਹਾਂ ਬਰਛੀ, ਗੁਰਜ ਆਦਿ।

## (੪) ਯੰਤ੍ਰ-ਮੁਕਤ:

ਜੋ ਸ਼ਸਤ੍ਰ ਕਲਾ ਨਾਲ ਚਲਾਏ ਜਾਂਦੇ ਸਨ, ਜਿਸ ਤਰ੍ਹਾਂ ਬੰਦੂਕ, ਤਮੰਚਾ ਆਦਿ।

ਇਨ੍ਹਾਂ ਚਾਰ ਕਿਸਮ ਦੇ ਸ਼ਸਤ੍ਰ-ਅਸਤ੍ਰਾਂ ਦਾ ਵੇਰਵਾ ਸਰਦਾਰ ਕਾਨ੍ਹ ਸਿੰਘ ਜੀ ਨਾਭਾ ਨੇ ਗੁਰਮਤ ਸੁਧਾਕਰ ਤੇ ਗੁਰ ਸ਼ਬਦ ਰਤਨਾਕਰ (ਮਹਾਨ ਕੋਸ਼) ਵਿੱਚ ਦਿੱਤਾ ਹੈ।

ਗੁਰੂ ਸਾਹਿਬ ਦੇ ਸ਼ਸਤ੍ਰ-ਅਸਤ੍ਰ ਖ਼ਾਸ ਕਰਕੇ ਤਿੰਨ ਥਾਵੀਂ ਪਾਏ ਜਾਂਦੇ ਹਨ:

(੧) ਸਾਧਾਰਨ ਲੋਕਾਂ ਦੇ ਕੋਲ।

(੨) ਸਿੱਖ ਇਤਿਹਾਸਿਕ ਗੁਰਦੁਆਰਿਆਂ ਵਿੱਚ।

(੩) ਰਿਆਸਤਾਂ ਦੇ ਰਾਜਿਆਂ ਮਹਾਰਾਜਿਆਂ ਜਾਂ ਰਈਸਾਂ ਦੇ ਘਰ।

ਇਨ੍ਹਾਂ ਥਾਵਾਂ ਵਿਚੋਂ ਕਿੱਥੇ-ਕਿੱਥੇ ਤੇ ਕਿਤਨੇ ਸ਼ਸਤ੍ਰ-ਅਸਤ੍ਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਿਲਦੇ ਹਨ, ਉਨ੍ਹਾਂ ਦਾ ਸੰਖੇਪ ਵੇਰਵਾ ਇਸ ਤਰ੍ਹਾਂ ਹੈ:

(੧) ਸਾਧਾਰਣ ਲੋਕਾਂ ਪਾਸੋਂ ਗੁਰੂ ਜੀ ਦੇ ਸ਼ਸਤ੍ਰ-ਅਸਤ੍ਰ ਆਮ ਤੌਰ 'ਤੇ ਸਿੱਖ ਗੁਰਦੁਆਰਿਆਂ ਜਾਂ ਰਿਆਸਤਾਂ ਵਿੱਚ ਚਲੇ ਗਏ ਹਨ, ਜਿਸ ਤਰ੍ਹਾਂ ਕਿ ਅੱਗੇ ਇਸ ਲੇਖ ਵਿੱਚ ਕਈ ਥਾਵੀਂ ਜ਼ਿਕਰ ਆਵੇਗਾ।

(੨) ਸਿੱਖ ਇਤਿਹਾਸਿਕ ਗੁਰਦੁਆਰਿਆਂ ਦੇ ਸ਼ਸਤ੍ਰ-ਅਸਤ੍ਰ:

## (ੳ) ਸ੍ਰੀ ਅਕਾਲ ਤਖ਼ਤ ਸਾਹਿਬ (ਅੰਮ੍ਰਿਤਸਰ)

ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਹ ਸ਼ਸਤ੍ਰ-ਅਸਤ੍ਰ ਹਨ:

(੧) ਸ੍ਰੀ ਸਾਹਿਬ (ਤਲਵਾਰ)

(੨) ਦੋ ਤੀਰ, ਜਿਨ੍ਹਾਂ ਦੀਆਂ ਮੁਖੀਆਂ ਨਾਲ ਇਕ-ਇਕ ਤੋਲਾ ਸੋਨਾ ਲੱਗਾ ਹੋਇਆ ਹੈ।

ਇਨ੍ਹਾਂ ਤੋਂ ਇਲਾਵਾ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਅਤੇ ਜੁਝਾਰ ਸਿੰਘ ਜੀ ਦੇ ਦੋ ਕਟਾਰ ਹਨ।

## (ਅ) ਤਖ਼ਤ ਸ੍ਰੀ ਕੇਸਗੜ੍ਹ ਸਾਹਿਬ (ਅਨੰਦਪੁਰ)

(੧) ਨਾਗਣੀ (ਜਿਸ ਦੀ ਲੰਬਾਈ ੩ ਫੁੱਟ ੯ ਇੰਚ ਹੈ।)

(੨) ਬਰਛਾ (ਭਾਲਾ)

(੩) ਸੈਫ਼ (ਜਿਸ ਦਾ ਤੋਲ ੩੨ ਛਟਾਂਕ ਹੈ।)

(੪) ਦੁਧਾਰਾ ਖੰਡਾ।

(੫) ਕਟਾਰ (ਜਿਸ ਦੇ ਉੱਤੇ ਹਾਥੀ ਸ਼ੇਰਾਂ ਦੀਆਂ ਤਸਵੀਰਾਂ ਹਨ)।

## (ੲ) ਤਖ਼ਤ ਸ੍ਰੀ ਪਟਨਾ ਸਾਹਿਬ (ਬਿਹਾਰ)

ਏਥੇ ਗੁਰਦੁਆਰਾ ਪੰਘੂੜਾ ਸਾਹਿਬ ਵਿੱਚ ਦਸਮੇਸ਼ ਜੀ ਦੇ ਇਹ ਸ਼ਸਤ੍ਰ ਅਸਤ੍ਰ ਰੱਖੇ ਹੋਏ ਹਨ:

| | |
|---|---|
| (੧) ਤੀਰ | ੪ |
| (੨) ਛੋਟੀ ਤਲਵਾਰ | ੧ |
| (੩) ਛੋਟਾ ਖੰਡਾ | ੧ |
| (੪) ਛੋਟੀ ਕਟਾਰ | ੧ |

## (ਸ) ਤਖ਼ਤ ਸ੍ਰੀ ਅਬਚਲ ਨਗਰ (ਹਜ਼ੂਰ ਸਾਹਿਬ) ਨੰਦੇੜ, (ਦੱਖਣ):

(੧) ਚੱਕਰ।

(੨) ਚੌੜਾ ਤੇਗ਼ਾ।

(੩) ਫ਼ੌਲਾਦੀ ਕਮਾਨ।

(੪) ਗੁਰਜ।

(੫) ਨਾਰਾਚ (ਸਰਬ ਲੋਹ ਦਾ ਤੀਰ)।

(੬) ਸੁਨਹਿਰੀ ਸ੍ਰੀ ਸਾਹਿਬ ੫।

(੭) ਇਕ ਸੁਨਹਿਰੀ ਕ੍ਰਿਪਾਨ ੬ ਇੰਚ ਦੀ।

(ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਦੇ ਅਨੁਸਾਰ)

## ੩. ਸਿੱਖ ਰਿਆਸਤਾਂ ਤੇ ਸ਼ਸਤ੍ਰ-ਅਸਤ੍ਰ :

(ੳ) ਸਾਬਕ ਖ਼ਾਲਸਾ ਦਰਬਾਰ ਲਾਹੌਰ- ਉਨ੍ਹੀਵੀਂ ਸਦੀ ਵਿਚ ਜਦ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦਾ ਸਿਤਾਰਾ ਚਮਕਿਆ ਤਾਂ ਲਾਹੌਰ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤ੍ਰ-ਅਸਤ੍ਰ ਸੰਗ੍ਰਹਿ ਹੋਣੇ ਸ਼ੁਰੂ ਹੋਏ। ਸ਼ੇਰਿ-ਪੰਜਾਬ ਨੂੰ ਗੁਰੂ ਜੀ ਦੇ ਸ਼ਸਤ੍ਰ-ਅਸਤ੍ਰ ਤੇ ਹੋਰ ਹਰ ਪ੍ਰਕਾਰ ਦੀਆਂ ਪੁਰਾਤਨ ਪੁਸਤਕਾਂ ਇਕੱਤਰ ਕਰਨ ਦਾ ਸ਼ੌਕ ਸੀ। ਸੰਨ ੧੮੪੯ ਵਿੱਚ ਜਦ ਪੰਜਾਬ ਉੱਤੇ ਅੰਗਰੇਜ਼ੀ ਹਕੂਮਤ ਕਾਇਮ ਹੋਈ ਤਾਂ ਖ਼ਾਲਸਾ ਦਰਬਾਰ ਦੇ ਇਹ ਅਦੁੱਤੀ ਤੋਹਫ਼ੇ ਲਾਹੌਰ ਦੇ ਤੋਸ਼ੇਖ਼ਾਨੇ ਵਿਚੋਂ ਅੰਗਰੇਜ਼ਾਂ ਦੇ ਹੱਥ ਆਏ। ਲੇਡੀ ਲੋਗਿਨ ਦੇ ਕਥਨ ਅਨੁਸਾਰ ਉਹਨਾਂ ਅਦੁੱਤੀ ਤੋਹਫ਼ਿਆਂ ਵਿੱਚ ਬੇਬਹਾ ਸੋਨੇ ਤੇ ਹੀਰੇ-ਜਵਾਹਰਾਤ ਤੋਂ ਬਿਨਾਂ ਸ਼ਾਹ ਸ਼ੁਜਾਅ ਦਾ ਸ਼ਾਹੀ ਖ਼ੇਮਾਂ, ਸੰਸਾਰ-ਪ੍ਰਸਿੱਧ ਕੋਹਿਨੂਰ ਹੀਰਾ, ਮੁਸਲਮਾਨਾਂ ਦੇ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ[1] ਦੀਆਂ ਮੁਕੱਦਸ ਚੀਜ਼ਾਂ (ਹਜ਼ਰਤ ਦੇ ਜੁੱਤੇ, ਛਤ੍ਰੀ, ਕੁੜਤਾ, ਟੋਪੀ, ਪੰਜਾਮੇ, ਕੂਫ਼ੇ ਦੀ ਲਿੱਪੀ ਵਿਚ ਲਿਖੀ ਹੋਈ ਬੰਦਗੀ ਦੀ ਇਕ ਕਿਤਾਬ ਤੇ ਸਿਰ ਦੇ ਰੋਮ)। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਲਗੀ[2], ਸ਼ੇਰਿ-ਪੰਜਾਬ ਦੀ ਸੁਨਹਿਰੀ ਕੁਰਸੀ ਤੇ ਚਾਂਦੀ ਦਾ ਬੰਗਲਾ, ਫ਼ਾਰਸ ਦੇ ਹੀਰੋ ਰੁਸਤਮ ਦੀ ਤਲਵਾਰ—ਜੋ ਮਹਾਰਾਜਾ ਰਣਜੀਤ ਸਿੰਘ ਜੀ ਨੂੰ ਸ਼ਾਹ ਸੁਜ਼ਾਅ ਪਾਸੋਂ ਮਿਲੀ ਸੀ, ਪ੍ਰਸਿੱਧ ਸੂਰਮਿਆਂ ਤੇ ਸਰਦਾਰਾਂ ਦੇ ਜ਼ਿਰਹ-ਬਕਤਰ (ਕਵਚ), ਜਿਨ੍ਹਾਂ ਵਿਚੋਂ ਬਹੁਤਿਆਂ ਉੱਤੇ ਉਨ੍ਹਾਂ ਦੇ ਲਹੂ ਦੇ ਛਿੱਟੇ ਪਏ ਹੋਏ ਸਨ ਅਤੇ ਸਰਦਾਰ ਮਹਾਂ ਸਿੰਘ ਜੀ (ਸ਼ੇਰਿ-ਪੰਜਾਬ ਦੇ ਪਿਤਾ) ਦਸ਼ਾਦੀ ਦੇ ਕੱਪੜੇ ਆਦਿ ਚੀਜ਼ਾਂ ਸ਼ਾਮਲ ਸਨ।[3]

ਇਨ੍ਹਾਂ ਕੀਮਤੀ ਚੀਜ਼ਾਂ ਵਿੱਚ ਸ੍ਰੀ ਦਸਮੇਸ਼ ਜੀ ਦੀ ਕਲਗੀ ਦੇ ਨਾਲ ਹੀ ਗੁਰੂ ਦਸਮੇਸ਼ ਦੇ ਹੋਰ ਸ਼ਸਤ੍ਰ-ਅਸਤ੍ਰ ਵੀ ਸਨ, ਜਿਨ੍ਹਾਂ ਬਾਰੇ ਉਸ ਵੇਲੇ ਦੀਆਂ ਸਿੱਖ-ਰਾਜ ਸੰਬੰਧੀ ਸਰਕਾਰੀ ਲਿਖਤਾਂ ਵਿੱਚ ਜ਼ਿਕਰ ਤਾਂ ਆਇਆ ਹੈ ਪਰ ਲੇਡੀ ਲੋਗਿਨ ਨੇ

---

1 ਹਜ਼ਰਤ ਮੁਹੰਮਦ ਸਾਹਿਬ ਦੀਆਂ ਇਹ ਮੁਕੱਦਸ ਚੀਜ਼ਾਂ ਸੰਨ ੧੭੮੦ ਈ: ਵਿਚ, ਜਦ ਸ੍ਰ: ਮਹਾਂ ਸਿੰਘ ਨੇ ਪੀਰ ਮੁਹੰਮਦ ਖ਼ਾਨ ਚੱਠੇ ਨੂੰ ਜੰਗ ਕਰਕੇ ਜਿੱਤਿਆ ਤਾਂ ਰਸੂਲ ਨਗਰੋਂ ਉਸ ਦੇ ਕਬਜ਼ੇ ਵਿੱਚ ਆਈਆਂ ਅਤੇ ਸਰਦਾਰ ਜੀ ਨੇ ਇਹ ਚੀਜ਼ਾਂ ਬੜੇ ਅਦਬ ਨਾਲ ਗੁਜਰਾਂਵਾਲੇ ਲਿਆ ਕੇ ਰੱਖੀਆਂ (ਲਤੀਫ਼, ਸਫ਼ਾ ੩੪੧; ਕਨ੍ਹੈਯਾ ਲਾਲ, ਸਫ਼ੇ ੧੨੬-੨੭), ਮਹਾਰਾਜਾ ਰਣਜੀਤ ਸਿੰਘ ਜੀ ਹਜ਼ਰਤ ਮੁਹੰਮਦ ਸਾਹਿਬ ਦੀਆਂ ਇਹਨਾਂ ਮੁਕੱਦਸ ਚੀਜ਼ਾਂ ਦਾ ਬੜਾ ਅਦਬ ਰੱਖਦੇ ਸਨ ਅਤੇ ਉਨ੍ਹਾਂ ਨੇ ਇਕ ਮੁਸਲਮਾਨ ਜਮਾਂਦਾਰ ਇਹਨਾਂ ਦੀ ਸੰਭਾਲ ਵਾਸਤੇ ਨੌਕਰ ਰੱਖਿਆ ਹੋਇਆ ਸੀ।

2 ਮਹਾਰਾਜਾ ਰਣਜੀਤ ਸਿੰਘ ਜੀ ਰੋਜ਼ ਸਵੇਰੇ ਸ਼ੌਚ-ਇਸ਼ਨਾਨ ਤੋਂ ਫ਼ਾਰਿਗ਼ ਹੋ ਕੇ ਗੁਰੂ ਜੀ ਦੀ ਕਲਗੀ ਦੇ ਦਰਸ਼ਨ ਕਰਿਆ ਕਰਦੇ ਸਨ ਅਤੇ ਗੁਰੂ ਜੀ ਦੇ ਹੋਰ ਸ਼ਸਤ੍ਰਾਂ-ਅਸਤ੍ਰਾਂ ਨੂੰ ਪਰਸ ਕੇ ਆਪਣਾ ਚਿਤ ਤ੍ਰਿਪਤ ਕੀਤਾ ਕਰਦੇ ਸਨ।

3 ਸਰ ਜਾਨ ਲੋਗਿਨ ਐਂਡ ਦਲੀਪ ਸਿੰਘ, ਸਫ਼ੇ ੧੮੨-੮੩, ਲੇਡੀ ਲੋਗਿਨਜ਼ ਰੀਕੁਲੈਕਸ਼ਨਜ਼, ਸਫ਼ਾ ੮੦.

ਆਪਣੀਆਂ ਕਿਤਾਬਾਂ ਵਿੱਚ ਕੋਈ ਥਹੁ-ਪਤਾ ਨਹੀਂ ਦਿੱਤਾ। ਸਰਕਾਰੀ ਲਿਖਤਾਂ ਦਾ ਖ਼ੁਲਾਸਾ ਇਹ ਹੈ ਕਿ ਜਦ ਗਵਰਨਮੈਂਟ ਨੇ ਲਾਹੌਰ ਦੇ ਤੋਸ਼ੇਖਾਨੇ ਦੀਆਂ ਲਿਸਟਾਂ ਬਣਵਾਈਆਂ ਤਾਂ ਸਾਬਕ ਖ਼ਾਲਸਾ ਦਰਬਾਰ ਲਾਹੌਰ ਦੇ ਖ਼ਜ਼ਾਨਚੀ ਮਿਸਰ ਮੇਘ ਰਾਜ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤ੍ਰਾਂ-ਅਸਤ੍ਰਾਂ ਦਾ, ਜੋ ਖ਼ਾਲਸਾ ਦਰਬਾਰ ਪਾਸ ਜਮ੍ਹਾਂ ਸਨ, ਵੇਰਵਾ ਮੰਗਿਆ।[1] ਮਿਸਰ ਜੀ ਨੇ ਆਪਣੀ ੧੨ ਸਤੰਬਰ, ੧੮੫੧ ਦੀ ਅਰਜ਼ਦਾਸ਼ਤ ਵਿੱਚ ਸ਼ਸਤ੍ਰਾਂ-ਅਸਤ੍ਰਾਂ ਦੀ ਸੂਚੀ ਸਮੇਤ ਉਨ੍ਹਾਂ ਦੇ ਪ੍ਰਾਪਤ ਹੋਣ ਦੇ ਹਾਲ ਇਸ ਤਰ੍ਹਾਂ ਲਿਖ ਕੇ ਦਿੱਤੇ ਸਨ:

*(ੳ)* *ਸ਼ਮਸ਼ੇਰ (ਤਲਵਾਰ)।*

*(ਅ)* *ਢਾਲ।*

*ਇਹ ਦੋਵੇਂ ਸ਼ਸਤ੍ਰ ੩੦ ਵੈਸਾਖ, ਸੰਮਤ ੧੮੮੦ ਮੁਤਾਬਿਕ ਸੰਨ ੧੮੨੩ ਈ: ਨੂੰ ਪਿਸ਼ਾਵਰ ਨਿਵਾਸੀ ਦਿਆ ਸਿੰਘ ਨਾਮੀ ਇਕ ਸੱਜਣ ਨੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਪੇਸ਼ ਕੀਤੇ। ਮਹਾਰਾਜੇ ਨੇ ਉਸ ਨੂੰ ਇਨ੍ਹਾਂ ਦੇ ਬਦਲੇ ਇਕ ਖੂਹ ਅਤੇ ਇਕ ਸੂਟ ਕੱਪੜਿਆਂ ਦਾ ਇਨਾਮ ਦਿੱਤਾ।*

*(ੲ)* *ਲੋਹੇ ਦੀ ਦਾਉ (ਸਰਬ ਲੋਹ ਦਾ ਇਕ ਹਥਿਆਰ) ੨੮ ਵਰ੍ਹੇ ਪਹਿਲਾਂ ਇਹ ਸ਼ਸਤ੍ਰ ਮਹਾਰਾਜੇ ਨੂੰ ਇਕ ਪਹਾੜੀਏ ਨੇ ਲਿਆ ਕੇ ਦਿੱਤਾ ਸੀ।*

*(ਸ)* *ਨੇਜ਼ਾ-ਇਹ ਸ਼ਸਤ੍ਰ ਅਬਚਲ ਨਗਰ (ਹਜ਼ੂਰ ਸਾਹਿਬ) ਦੇ ਸਿੰਘਾਂ ਨੇ ਮਹਾਰਾਜੇ ਦੇ ਪੇਸ਼ ਕੀਤਾ ਸੀ।*

*(ਹ)* *ਸਰਬ ਲੋਹ ਦਾ ਚੱਕਰ —ਅਟਕ ਦੇ ਮੁਕਾਮ 'ਤੇ ਇਹ ਸ਼ਸਤ੍ਰ ਮਹਾਰਾਜਾ (ਰਣਜੀਤ ਸਿੰਘ) ਨੂੰ ਇਕ ਅਕਾਲੀ ਸਿੰਘ ਨੇ ਦਿੱਤਾ ਸੀ।*

*(ਕ)* *ਸ਼ਮਸ਼ੇਰ ਤੇਗਾ—ਇਹ ਸ਼ਸਤ੍ਰ ਬਾਬਾ ਭਾਰਤੀ ਨਾਮੀ ਇਕ ਸੱਜਣ ਤੋਂ ੨੫ ਮੱਘਰ, ਸੰਮਤ ੧੮੧੮ (ਮੁਤਾਬਿਕ ਸੰਨ ੧੮੨੧ ਈ:) ਨੂੰ ਮਹਾਰਾਜਾ ਰਣਜੀਤ ਸਿੰਘ ਨੇ ਲਿਆ ਅਤੇ ਤੋਸ਼ੇਖ਼ਾਨੇ ਵਿੱਚ ਜਮ੍ਹਾਂ*

---

1 ਇਸ ਸਬੰਧ ਵਿੱਚ ਮੁਕਾਬਲੇ ਲਈ ਦੇਖੋ ਗਵਰਨਮੈਂਟ ਆਫ਼ ਇੰਡੀਆ ਦੇ ਸਕੱਤ੍ਰ, ਮਿਸਟਰ ਐਚ. ਐਫ. ਐਮ. ਈਲੀਅਟ ਦਾ ਖ਼ਤ ਨੰ: ੧੮੪੬, ਜੋ ਉਸ ਨੇ ਬੋਰਡ ਆਫ਼ ਐਡਮਨਿਸਟ੍ਰੇਸ਼ਨ ਪੰਜਾਬ ਦੀ ਸੇਵਾ ਵਿੱਚ ੧੧ ਜੂਨ, ੧੮੫੧ ਨੂੰ ਸ਼ਿਮਲੇ ਤੋਂ ਲਿਖਿਆ ਸੀ। (ਪੰ: ਗ: ਰੀ:, ਜਨਰਲ ਡੀਪਾਰਟਮੈਂਟ, ੨੮ ਜੂਨ, ੧੮੫੧, ਨੰ: ੨੦-੨੧) ਅਤੇ ਇਸੇ ਫ਼ਾਈਲ ਵਿਚੋਂ ਬੋਰਡ ਆਫ਼ ਐਡਮਨਿਸਟ੍ਰੇਸ਼ਨ ਪੰਜਾਬ ਦੇ ਸਕੱਤਰ ਦਾ ਖ਼ਤ ਨੰ: ੭੮੦, ਜੋ ਉਸ ਨੇ ੨੪ ਜੂਨ, ੧੮੫੧ ਨੂੰ ਮਿ: ਮੇਕਗ੍ਰੀਗਰ ਡਿਪਟੀ ਕਮਿਸ਼ਨਰ, ਲਾਹੌਰ ਨੂੰ ਭੇਜਿਆ ਸੀ।

*ਕੀਤਾ ਸੀ।*

(ਖ) *ਕੱਚ ਦੀ ਕਲਗੀ*[1]*—ਸ੍ਰੀ ਗੁਰੂ ਨਾਨਕ ਦੇਵ ਜੀ ਦੇ ਖ਼ਾਨਦਾਨ ਵਿੱਚੋਂ ਇਕ ਬੇਦੀ ਸਾਹਿਬਜ਼ਾਦੇ ਨੇ, ਜੋ ਵੈਰੋਵਾਲ ਦਾ ਵਸਨੀਕ ਸੀ, ਇਹ ਪਵਿਤ੍ਰ ਚੀਜ਼ ਮਹਾਰਾਜਾ ਰਣਜੀਤ ਸਿੰਘ ਜੀ ਨੂੰ ੭ ਚੇਤਰ ਸੰਮਤ ੧੮੮੧ (ਮੁਤਾਬਿਕ ਸੰਨ ੧੮੨੫ ਈ:) ਨੂੰ ਲਿਆ ਕੇ ਦਿੱਤੀ ਸੀ।*

(ਗ) *ਬਰਛੀ—ਇਹ ਬਰਛੀ ਕਮਲਾ ਗੜ੍ਹ (ਮੰਡੀ) ਦੇ ਰਾਜੇ ਪਾਸ ਸੀ, ਜੋ ਇਸ ਦੀ ਪੂਜਾ ਕਰਦਾ ਹੁੰਦਾ ਸੀ। ਜਦ ਜਨਰਲ ਵੈਨਤੂਰਾ ਨੇ ਕਮਲਾ ਗੜ੍ਹ ਜਿੱਤ ਲਿਆ ਤਾਂ ਇਹ ਬਰਛੀ ਉਸ ਦੇ ਕਬਜ਼ੇ ਵਿੱਚ ਆਈ ਅਤੇ ਉਸ ਨੇ ਇਹ (ਪਵਿਤ੍ਰ ਚੀਜ਼ ਸਮਝ ਕੇ) ਮੱਘਰ ਸੰਮਤ ੧੮੯੬ ਵਿੱਚ ਕੰਵਰ ਨੌਨਿਹਾਲ ਸਿੰਘ ਜੀ ਨੂੰ ਭੇਟਾ ਕੀਤੀ।*

(ਘ) *ਬਰਛਾ—੮ ਸਾਲ ਪਹਿਲਾਂ ਜਦ ਖਾਲਸਾ ਫੌਜ ਨੇ ਜੰਮੂ 'ਤੇ ਚੜ੍ਹਾਈ ਕੀਤੀ ਤਾਂ ਇਹ ਸ਼ਸਤ੍ਰ ਉਸ ਦੇ ਹੱਥ ਲੱਗਿਆ। ਸਾਰੀ ਫ਼ੌਜ ਇਸ ਦੀ ਪੂਜਾ ਕਰਦੀ ਹੁੰਦੀ ਸੀ।*

ਇਹਨਾਂ ਸ਼ਸਤ੍ਰਾਂ- ਅਸਤ੍ਰਾਂ ਦੀ ਸੂਚੀ ਨਾਲ ਸੰਬੰਧਿਤ ਸੈਕਰੇਟਰੀ ਬੋਰਡ ਆਫ ਐਡਮਨਿਸਟ੍ਰੇਸ਼ਨ, ਪੰਜਾਬ ਦਾ ਇਕ ਖ਼ਤ ਹੈ, ਜੋ ਉਸ ਨੇ ਗਵਰਨਮੈਂਟ ਹਿੰਦ ਦੇ ਸਕੱਤਰ ਨੂੰ ੩੦ ਸਤੰਬਰ, ਸੰਨ ੧੮੫੧ ਨੂੰ ਲਿਖ ਕੇ ਭੇਜਿਆ ਸੀ। ਇਸ ਖ਼ਤ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਕ ਸੁਨਹਿਰੀ ਕੁਰਸੀ ਦਾ ਜ਼ਿਕਰ ਹੈ। ਇਹ ਸੁਨਹਿਰੀ ਕੁਰਸੀ ਅਸਲ ਵਿੱਚ ਗੁਰੂ ਜੀ ਦੀ ਨਹੀਂ, ਬਲਕਿ ਮਹਾਰਾਜਾ ਰਣਜੀਤ ਸਿੰਘ ਜੀ ਦੀ ਸੀ, ਜਿਸ ਦਾ ਕਿ ਪਿੱਛੇ ਜ਼ਿਕਰ ਆ ਚੁੱਕਾ ਹੈ। ਇਸ ਸੁਨਹਿਰੀ ਕੁਰਸੀ ਸਮੇਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤ੍ਰ- ਅਸਤ੍ਰ ੨੩ ਸਤੰਬਰ, ਸੰਨ ੧੮੫੧ ਨੂੰ ਲਾਹੌਰੋਂ ਗਵਰਨਮੈਂਟ ਦੇ ਤੋਸ਼ੇਖ਼ਾਨੇ ਵਿੱਚ ਦਾਖ਼ਲ ਕਰਨ ਲਈ ਭੇਜੇ ਗਏ।[2] ਪੰਜਾਬ ਦੇ ਇਲਾਕੇ ਵਿਚੋਂ ਇਨ੍ਹਾਂ ਸ਼ਸਤ੍ਰ-ਅਸਤ੍ਰਾਂ ਨੂੰ ਸਹੀ ਸਲਾਮਤ ਲੰਘਾਉਣ ਲਈ ੩੧

---

1 ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਕ ਕਲਗੀ ਦੇ ਮੁਤੱਲਕ ਸ੍: ਕਾਹਨ ਸਿੰਘ ਜੀ ਨਾਭਾ ਨੇ ਪੰਜਾਬ ਗਵਰਨਮੈਂਟ ਦੇ ਰੀਕਾਰਡ ਨਹੀਂ ਦੇਖੇ ਸਨ, ਇਸ ਲਈ ਉਨ੍ਹਾਂ ਨੇ ਅੰਗਰੇਜ਼ੀ ਕਿਤਾਬ ਲੇਡੀ ਲੋਗਿਨ'ਜ਼ ਰੀਕੋਲੈਕਸ਼ਨਜ਼ (ਸਫ਼ਾ ੮੦) ਦਾ ਹਵਾਲਾ ਦੇ ਕੇ ਲਿਖਿਆ ਹੈ—ਜਦ ਲਾਹੌਰ 'ਪੁਰ ਅੰਗ੍ਰੇਜ਼ੀ ਕਬਜ਼ਾ ਹੋਇਆ, ਤਦ ਡਾ: ਲੋਗਿਨ ਨੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਤੋਸ਼ੇਖਾਨੇ ਦੀ ਫ਼ਹਿਰਿਸਤ ਬਣਾ ਕੇ ਚਾਰਜ ਲਿਆ। ਤੋਸ਼ੇਖਾਨੇ ਵਿੱਚ ਉਸ ਵੇਲੇ ਦਸਮੇਸ਼ ਦੀ ਕਲਗੀ ਮੌਜੂਦ ਸੀ, ਪਤਾ ਨਹੀਂ ਉਹ ਮਹਾਰਾਜਾ ਰਣਜੀਤ ਸਿੰਘ ਦੇ ਕਬਜ਼ੇ ਕਿਸ ਤਰ੍ਹਾਂ ਆਈ ਅਤੇ ਹੁਣ ਉਹ ਅਮੋਲਕ ਵਸਤੂ ਕਿੱਥੇ ਹੈ।

(ਗੁਰ ਸ਼ਬਦ ਰਤਨਾਕਰ [ਮਹਾਨ ਕੋਸ਼], ਸਫ਼ਾ ੯੨੧)

2 ਪੰ: ਗ: ਰੀ: (ਜਨਰਲ ਡੀਪਾਰਟਮੈਂਟ), ਨੰ: ੧੯–੨੧, ੪ ਅਕਤੂਬਰ, ੧੮੫੧।

ਆਦਮੀ-ਜਿਨ੍ਹਾਂ ਵਿੱਚ ੧ ਜਮਾਦਾਰ, ੨ ਹੌਲਦਾਰ, ੨ ਨਾਇਕ ਤੇ ੨੬ ਸਿਪਾਹੀ ਸਨ- ਬਤੌਰ ਐਸਕੋਰਟ ਡਿਊਟੀ ਅੰਬਾਲੇ ਤਕ ਗਏ ਸਨ।

**(ਅ) ਰਿਆਸਤ ਪਟਿਆਲਾ :**

ਇਥੇ ਬੁਰਜ ਬਾਬਾ ਆਲਾ ਸਿੰਘ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤ੍ਰ-ਅਸਤ੍ਰ ਹਨ:

(੧) ਸ਼ਿਕਾਰਗਾਹ ਤਲਵਾਰ-ਇਸ ਦੇ ਉੱਤੇ ਸ਼ਿਕਾਰ ਦੀਆਂ ਤਸਵੀਰਾਂ ਹਨ।

(੨) ਸ੍ਰੀ ਸਾਹਿਬ (ਤਲਵਾਰ)-ਇਸ ਦੇ ਉੱਤੇ ਲਿਖਿਆ ਹੈ :

"ਅਕਾਲ ਸਹਾਇ ਗੁਰੂ ਗੋਬਿੰਦ ਸਿੰਘ,
ਜੋ ਦਰਸਨ ਕਰੇਗਾ, ਸੋ ਨਿਹਾਲ ਹੋਇਗਾ।"

(੩) ਦੋ ਫਾਂਕਾ ਤੀਰ, ਜਿਸ ਦੇ ਉੱਤੇ ਸੋਨੇ ਦੇ ਤਿੰਨ ਬੰਦ ਹਨ।

(੪) ਅਜੀਬ ਜ਼ੌਹਰਦਾਰ ਦਸਤੇ ਵਾਲਾ ਬਰਛਾ।

(੫) ਸਫ਼ਾ ਜੰਗ।

(੬) ਸੁਨਹਿਰੀ ਸ਼ਿਕਾਰਗਾਹ ਕਟਾਰ।

(੭) ਖੰਡਾ, ਜੋ ਭਾਈ ਸਾਹਿਬ ਬਾਗੜੀਆਂ ਨੇ ਮਹਾਰਾਜੇ ਨੂੰ ਦਿੱਤਾ ਸੀ।

**(ੲ) ਕਿਲ੍ਹਾ ਨਾਭਾ :**

ਗੁਰਦੁਆਰਾ ਸਿਰੋਪਾ ਸਾਹਿਬ ਵਿੱਚ ਸ੍ਰੀ ਦਸਮੇਸ਼ ਜੀ ਦੇ ਨਿਮਨ-ਲਿਖਤ ਸ਼ਸਤ੍ਰ-ਅਸਤ੍ਰ ਹਨ:

(੧) ਦਸਤਾਰ ਨਾਲ ਕਰਦ- ਜੋ ਸਾਢੇ ਤਿੰਨ ਇੰਚ ਲੰਬੀ ਹੈ।

(੨) ਸ੍ਰੀ ਸਾਹਿਬ (ਤਲਵਾਰ)- ਜੋ ਸ੍ਰੀ ਦਸਮੇਸ਼ ਜੀ ਨੇ ਬਾਬਾ ਤ੍ਰਿਲੋਕ ਸਿੰਘ ਨੂੰ ਅੰਮ੍ਰਿਤ ਛਕਾਉਣ ਸਮੇਂ ਦਮਦਮੇ ਬਖ਼ਸ਼ਿਆ ਸੀ। ਇਸ ਸ੍ਰੀ ਸਾਹਿਬ ਦੇ ਇਕ ਪਾਸੇ ਪਾਠ ਹੈ :

"ਸ੍ਰੀ ਭਗਉਤੀ ਜੀ ਸਹਾਇ, ਗੁਰੂ ਗੋਬਿੰਦ ਸਿੰਘ ਪਾਤਸ਼ਾਹੀ ਦਸ।"

(੩) ਸ੍ਰੀ ਸਾਹਿਬ ਦੂਜਾ- ਜੋ ਵਡਗੁੱਖਿਆਂ ਤੋਂ ਮਹਾਰਾਜਾ ਹੀਰਾ ਸਿੰਘ ਜੀ ਆਪਣੇ ਨਾਲ ਨਾਭੇ ਲਿਆਏ ਸਨ। ਇਸ ਦੇ ਉੱਪਰ ਲਿਖਿਆ ਹੈ, "ਗੁਰੂ ਗੋਬਿੰਦ ਸਿੰਘ ਕੇ ਕਮਰ ਕੀ ਤਲਵਾਰ ਹੈਗੀ, ਬਧੇ ਦੇਗ ਤੇ ਯਾ ਤੇਗ ਤੇ।" ਅਤੇ ਇਸ ਸ੍ਰੀ ਸਾਹਿਬ ਦੇ ਕਬਜ਼ੇ ਉਪਰ ਪਾਠ ਹੈ :

"ਗੁਰੂ ਨਾਨਕ ਸਰਬ ਸਿਖਾਂ ਨੂੰ ਸਹਾਇ।"

(੪) ਰਾਇ ਕੋਟ ਤੇ ਰਈਸ ਰਾਇ ਕਲ੍ਹੇ ਵਾਲੀ ਤਲਵਾਰ- ਜੋ ਉਸ ਨੂੰ ਸ੍ਰੀ ਦਸਮੇਸ਼ ਜੀ ਨੇ ਪ੍ਰਦਾਨ ਕੀਤੀ ਸੀ। ਨਾਭੇ ਵਾਲਿਆਂ ਦਾ ਖ਼ਿਆਲ ਹੈ ਕਿ ਇਹ ਤਲਵਾਰ ਰਾਜਾ ਜਸਵੰਤ ਸਿੰਘ ਜੀ ਨਾਭਾ ਨੂੰ ਨਵਾਬ ਮਲੇਰਕੋਟਲਾ ਦੀ ਮਾਰਫ਼ਤ ਰਾਇਕਿਆਂ ਦੇ ਖ਼ਾਨਦਾਨ ਪਾਸੋਂ ਮਿਲੀ ਸੀ, ਪਰ ਦੂਜੇ ਪਾਸੇ

ਰਾਇਕਿਆਂ ਦੀਆਂ ਲਿਖਤਾਂ ਦੱਸਦੀਆਂ ਹਨ ਕਿ ਇਹ ਤਲਵਾਰ ਉਹਨਾਂ ਨੇ ਸੰਨ ੧੯੫੪ ਵਿੱਚ, ਜਦ ਰਾਣੀ ਭਾਗ ਭਰੀ ਦਾ ਦੇਹਾਂਤ ਹੋਇਆ ਤਾਂ, ਗਵਰਨਮੈਂਟ ਨੂੰ ਦੇ ਦਿੱਤੀ ਸੀ, ਜਿਸ ਕਰਕੇ ਉਸੇ ਸਾਲ ਵਿਲਾਇਤ ਭੇਜੀ ਗਈ। ਸਬੂਤ ਲਈ ਦੇਖੋ, ਪੰ: ਗ: ਰੀ: (ਪੁ: ਡੀ:), ੨੩ ਸਤੰਬਰ, ੧੯੫੪ ਨੰ: ੭-੧੦ ਅਤੇ ੨ ਦਸੰਬਰ ਸੰਨ ੧੯੫੪, ਨੰ: ੧੧-੧੪ ਤੇ ਇਸ ਸੰਬੰਧ ਵਿੱਚ ੧੧ ਫ਼ਰਵਰੀ ਸੰਨ ੧੯੪੫ ਦੇ ਅਕਾਲੀ (ਸੰਡੇ ਐਡੀਸ਼ਨ) ਵਿਚੋਂ ਮੇਰਾ ਲੇਖ।

(੫) ਖੰਜਰ- ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਛੋਟੀ ਉਮਰ ਵਿੱਚ ਗਾਤਰੇ ਸਜਾਇਆ ਕਰਦੇ ਸਨ। ਇਸ ਖੰਜਰ ਉੱਤੇ ਪਾਠ ਹੈ:

"ਸੰਮਤ ੧੭੪੧ ਸਤਿ ਸ੍ਰੀ ਅਕਾਲ ਪੁਰਖ ਜੀ ਸਹਾਇ।।
ਤੁਹੀ ਖੜਗ ਧਾਰਾ, ਤੁਹੀ ਬਾਢ ਵਾਰੀ।।
ਤੁਹੀ ਤੀਰ ਤਰਵਾਰ ਕਾਤੀ ਕਟਾਰੀ।।
ਹਲੱਬੀ ਜੁਨੱਬੀ ਮਗਰਬੀ ਤੁਹੀਂ ਹੈ।।
ਨਿਹਾਰੋ ਜਹਾਂ ਤਹਾਂ ਠਾਢੀ ਵਹੀਂ ਹੈ।।"

(੬) ਢਾਲੇ ਦੇ ਦੋ ਫੂਲ- ਜਿਹਨਾਂ ਉੱਤੇ ਦਸ ਅਵਤਾਰਾਂ ਦੀਆਂ ਤਸਵੀਰਾਂ ਹਨ।

(੭) ਤੀਰ ਦੀ ਮੁਖੀ- ਇਹ ਮੁਖੀ ਸ੍ਰੀ ਅਨੰਦਪੁਰ ਸਾਹਿਬ ਦੇ ਇਕ ਪੁਜਾਰੀ ਨੇ ਬਾਬਾ ਨਰਾਇਣ ਸਿੰਘ ਜੀ (ਸ੍ਰ: ਕਾਨ੍ਹ ਸਿੰਘ ਜੀ ਨਾਭਾ ਦੇ ਪਿਤਾ) ਦੀ ਮਾਰਫ਼ਤ ਮਹਾਰਾਜਾ ਹੀਰਾ ਸਿੰਘ ਨੂੰ ਦਿੱਤੀ ਸੀ।

## (ਸ) ਸੰਗਰੂਰ (ਰਿਆਸਤ ਜੀਂਦ) ਵਿਚ ਗੁਰੂ ਜੀ ਦੇ ਸ਼ਸਤ੍ਰ :

(੧) ਤਲਵਾਰ- ਜਿਸ ਉੱਤੇ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਹੈ :

"ਈਂ ਤਲਵਾਰ ਗੁਰੂ ਗੋਬਿੰਦ ਸਿੰਘ ਜੀ ਕੀ ਕਮਰ ਕੀ ਹੈ,
ਇਲਾਕਾ ਸੂਰਤ ਬੰਦਰ ਮੇਂ ਮੁਹੰਮਦ ਯਾਰ ਸੇ।"

ਇਹ ਤਲਵਾਰ ਸ੍ਰੀ ਦਸਮੇਸ਼ ਜੀ ਨੇ ਭਾਈ ਧਰਮ ਸਿੰਘ ਨੂੰ ਦਿੱਤੀ ਸੀ। ਭਾਈ ਸਾਹਿਬ ਬਾਗੜੀਆਂ ਦੇ ਵਡੇਰੇ ਭਾਈ ਗੁੱਦੜ ਸਿੰਘ ਨੇ ਜਦ ਰਾਜਾ ਗਜਪਤਿ ਸਿੰਘ ਜੀਂਦ ਵਾਲੇ ਨੂੰ ਅੰਮ੍ਰਿਤ ਛਕਾਇਆ ਤੇ ਆਪਣੇ ਪਿਤਾ ਪੁਰਖੀ ਦੀ ਯਾਦਗਾਰ ਵਜੋਂ ਇਹ ਤਲਵਾਰ ਦਿੱਤੀ ਸੀ।

(੨) ਪੇਸ਼ ਕਬਜ਼-ਇਸ ਦੇ ਉੱਤੇ ਸੰਮਤ ੧੭੫੨ ਲਿਖਿਆ ਹੈ ਅਤੇ ਅੱਗੇ ਇਹ ਇਬਾਰਤ ਦਰਜ ਹੈ :

"ਸਿੱਕਾ ਜਦ ਬਰ ਹਰ ਦੋ ਆਲਮ ਵ ਫ਼ਾਜ਼ਲ ਸਖੀ।

ਸ਼ਾਹ ਗੋਬਿੰਦ ਸਿੰਘ ਖੁਦ ਸ਼ਾਹ ਜਹਾਂ ਤੇਗ ਪਨਾਹ।"

ਇਹ ਤਲਵਾਰ ਗੁਰੂ ਕਲਗੀਧਰ ਜੀ ਨੇ ਬਾਬਾ ਤ੍ਰਿਲੋਕ ਸਿੰਘ ਨੂੰ ਬਖ਼ਸ਼ੀ ਸੀ।

## (ਹ) ਰਿਆਸਤ ਫ਼ਰੀਦਕੋਟ :

ਏਥੇ ਗੁਰੂ ਜੀ ਦੇ ਇਹ ਸ਼ਸਤ੍ਰ ਹਨ :

ਖੜਗ ਅਤੇ ਢਾਲਾ, ਜੋ ਗੁਰੂ ਜੀ ਨੇ ਚੌਧਰੀ ਕਪੂਰ ਸਿੰਘ ਨੂੰ ਬਖ਼ਸ਼ੇ ਸਨ।

## (ਕ) ਦਮਦਮਾ ਸਾਹਿਬ (ਤਲਵੰਡੀ ਸਾਬੋ) :

ਇਥੇ ਸਰਦਾਰ ਡਲ ਸਿੰਘ ਦੀ ਔਲਾਦ ਵਿਚੋਂ ਸ੍ਰ: ਸ਼ਮਸ਼ੇਰ ਸਿੰਘ ਜੀ ਦੇ ਪਾਸ ਸ੍ਰੀ ਗੁਰੂ ਜੀ ਦੀ ਇਕ ਖੜਗ ਹੈ। ਇਹ ਖੜਗ ਗੁਰੂ ਸਾਹਿਬ ਨੇ ਸ੍ਰ: ਡਲ ਸਿੰਘ ਨੂੰ ਬਖ਼ਸ਼ੀ ਸੀ।[1]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤ੍ਰਾਂ-ਅਸਤ੍ਰਾਂ ਦੀ ਇਹ ਸੰਖੇਪ ਜਿਹੀ ਜਾਣ-ਪਛਾਣ ਹੈ। ਇਨ੍ਹਾਂ ਤੋਂ ਇਲਾਵਾ ਗੁਰੂ ਜੀ ਦੇ ਹੋਰ ਸ਼ਸਤ੍ਰ-ਅਸਤ੍ਰ ਵੀ ਰਿਆਸਤ ਪਟਿਆਲਾ ਨਾਭਾ ਆਦਿ ਵਿੱਚ ਕਈ ਥਾਈਂ ਪਾਏ ਜਾਂਦੇ ਹਨ, ਜਿਨ੍ਹਾਂ ਦਾ ਜ਼ਿਕਰ ਵਿਸਥਾਰ ਦੇ ਭੈ ਕਰਕੇ ਏਥੇ ਨਹੀਂ ਕੀਤਾ ਗਿਆ। ਗੁਰੂ ਜੀ ਦਾ ਪੰਜ ਕਲਾ ਸ਼ਸਤ੍ਰ, ਜੋ ਰਾਜਾ ਰਤਨ ਰਾਏ ਅਸਾਮ ਵਾਲੇ ਨੇ ਭੇਟ ਕੀਤਾ ਸੀ, ਬੜੌਦੇ ਦੇ ਅਜਾਇਬ ਘਰ ਵਿੱਚ ਸੁਰੱਖਿਅਤ ਹੈ। ਇਸੇ ਤਰ੍ਹਾਂ ਗੁਰੂ ਜੀ ਦੇ ਹੋਰ ਸ਼ਸਤ੍ਰ-ਅਸਤ੍ਰ ਵੀ ਹਨ, ਜੋ ਗੁਰੂ-ਪੰਥ ਦੇ ਹੱਥਾਂ ਵਿੱਚ ਨਹੀਂ ਰਹੇ। ਜਿਵੇਂ-ਕਿਵੇਂ ਵੀ ਹੋ ਸਕੇ ਸ੍ਰੀ ਦਸਮੇਸ਼ ਜੀ ਦੀਆਂ ਇਹ ਪਵਿੱਤਰ ਯਾਦਗਾਰਾਂ ਖੋਜ-ਖੋਜ ਕੇ ਇਕੱਤ੍ਰ ਹੋਣੀਆਂ ਤੇ ਸੁਚੱਜੇ ਪੰਥਕ ਪ੍ਰਬੰਧ ਹੇਠ ਆਉਣੀਆਂ ਚਾਹੀਦੀਆਂ ਹਨ।

❋❋❋

1 ਗੁਰਸ਼ਬਦ ਰਤਨਾਕਰ (ਮਹਾਨ ਕੋਸ਼) ਦੇ ਅਨੁਸਾਰ।

## ੨.

**ਸ੍ਰੀ ਦਸਮੇਸ਼ ਜੀ ਦੀ ਬਖ਼ਸ਼ਿਸ਼–**

# ਰਾਇ ਕਲ੍ਹੇ ਦੀ ਤਲਵਾਰ

ਸ਼ਸਤ੍ਰ-ਅਸਤ੍ਰ ਤਾਂ ਗੁਰੂ ਜੀ ਦੇ ਅਨੇਕ ਥਾਵੀਂ ਦੇਖਣ-ਸੁਣਨ ਵਿੱਚ ਆਉਂਦੇ ਹਨ, ਪਰ ਏਥੇ ਅਸੀਂ ਵਿਸ਼ੇਸ਼ ਸਮਝ ਕੇ ਕੇਵਲ ਉਸ ਤਲਵਾਰ ਦਾ ਜ਼ਿਕਰ ਕਰਨਾ ਹੈ, ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚਮਕੌਰ ਦੇ ਜੰਗ ਤੋਂ ਬਾਅਦ ਮਾਲਵੇ ਨੂੰ ਜਾਂਦਿਆਂ ਰਾਇ ਕੋਟ ਦੇ ਰਈਸ (ਰਾਇ ਕਲ੍ਹੇ) ਨੂੰ ਬਖ਼ਸ਼ੀ ਸੀ। ਇਹ ਤਲਵਾਰ ਗੁਰੂ ਸਾਹਿਬ ਦੇ ਆਪਣੇ ਗਾਤਰੇ ਦੀ ਸੀ।[1]

ਇਸ ਬਖਸ਼ਿਸ਼ ਦਾ ਸੰਖੇਪ ਹਾਲ ਸਿੱਖ ਇਤਿਹਾਸ ਦੀਆਂ ਲਿਖਤਾਂ ਮੂਜਬ ਇਸ ਤਰ੍ਹਾਂ ਹੈ ਕਿ ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਿੰਡ ਕਨੇਚ, ਆਲਮਗੀਰ ਤੇ ਹੇਹਰ ਥੀਂ ਹੁੰਦੇ ਹੋਏ ਪਿੰਡ ਲੰਮੇ ਜੱਟ ਪੁਰੇ ਦੇ ਨੇੜੇ ਪੁੱਜੇ ਤਾਂ ਰਾਹ ਵਿੱਚ ਉਨ੍ਹਾਂ ਨੂੰ ਰਾਇਕੋਟ ਦਾ ਰਈਸ ਰਾਇ ਕਲ੍ਹਾ ਮਿਲਿਆ।[2] ਗਿਆਨੀ ਗਿਆਨ ਸਿੰਘ ਦੇ ਕਥਨ ਅਨੁਸਾਰ: ਗੁਰੂ ਜੀ ਦੇ ਨਾਲ ਰਾਇ ਕਲ੍ਹੇ ਦਾ ਮਿਲਾਪ ਸੀਲੋਆਣੀ ਪਿੰਡ ਦੇ ਪਾਸ ਹੋਇਆ, ਜਿਥੇ ਕਿ ਉਹ ਕਿਸੇ ਪਾਸੇ ਘੋੜ-ਸਵਾਰ ਹੋ ਕੇ ਜਾ ਰਿਹਾ ਸੀ।[3]

ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਗੁਰੂ ਜੀ ਉਸ ਵੇਲੇ ਉੱਚ ਦੇ ਪੀਰ ਦੇ ਲਿਬਾਸ ਵਿੱਚ ਪਲੰਘ ਉੱਤੇ ਸਵਾਰ ਸਨ।[4] ਪਰ ਗਿਆਨੀ ਗਿਆਨ ਸਿੰਘ ਜੀ ਗੁਰੂ ਜੀ ਦਾ ਭਾਈ ਮਨੀ ਸਿੰਘ ਦੇ ਵੱਡੇ ਭਰਾ ਨਗਾਹੀਆ ਸਿੰਘ ਦੇ ਦਿੱਤੇ ਹੋਏ ਕੁਮੈਤ ਘੋੜੇ 'ਤੇ ਚੜ੍ਹ ਕੇ ਜਾਣਾ ਦੱਸਦੇ ਹਨ ਤੇ ਲਿਖਦੇ ਹਨ ਕਿ ਪਲੰਘ ਦੀ ਸਵਾਰੀ ਗੁਰੂ ਜੀ ਨੇ ਪਿੰਡ ਆਲਮਗੀਰ ਤੋਂ ਪਹਿਲਾਂ ਹੀ ਛੱਡ ਦਿੱਤੀ ਸੀ। ਪਲੰਘ ਬਰਦਾਰ ਗ਼ਨੀ ਖ਼ਾਨ ਤੇ ਨਬੀ ਖ਼ਾਨ ਇਸ ਤੋਂ ਪਹਿਲਾਂ ਪਿੰਡ ਰਾਮਪੁਰ-ਕਟਾਣੀ ਤੋਂ

---

1. ਸੂਰਜ ਪ੍ਰਕਾਸ਼, ਰੁੱਤ ੬, ਅੰਸੂ ੫੩, ਤਵਾਰੀਖ਼ ਗੁਰੂ ਖ਼ਾਲਸਾ, ਹਿੱਸਾ ੩, ਸਫ਼ਾ ੧੯੫੩।

2. ਸ੍ਰ: ਕਾਨ੍ਹ ਸਿੰਘ ਜੀ ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਦੇ ਸਫ਼ਾ ੧੬੪੫ 'ਪਰ ਲਿਖਦੇ ਹਨ ਕਿ ਗੁਰੂ ਜੀ ਮਾਛੀਵਾੜੇ ਤੋਂ ਚਲ ਕੇ ਰਾਇਕੋਟ ਤੋਂ ਬਾਹਰ ਇਕ ਛੱਪੜੀ 'ਤੇ ਬੈਠੇ ਤੇ ਟਾਹਲੀ ਹੇਠ ਵਿਰਾਜੇ ਸਨ, ਇਸੇ ਥਾਂ ਰਾਇ ਕਲ੍ਹਾ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਇਆ ਸੀ।

3. ਦੇਖੋ, ਤਵਾਰੀਖ਼ ਗੁਰੂ ਖ਼ਾਲਸਾ, ਹਿੱਸਾ ੩, ਸਫ਼ਾ ੧੯੫੧ ਤੇ ਪੱਥਰ ਦੇ ਛਾਪੇ ਦੀ ਸਿਆਲਕੋਟ ਦੀ ਛਪੀ ਹੋਈ ਤਵਾਰੀਖ਼ ਗੁਰੂ ਖ਼ਾਲਸਾ, ਸਫ਼ੇ ੩੩੩-੩੪।

4. ਸੂਰਜ ਪ੍ਰਕਾਸ਼, ਰੁੱਤ ਅੰਸੂ ੪੬।

ਹੁਕਮਨਾਮਾ ਦੇ ਕੇ ਮੋੜ ਦਿਤੇ ਸਨ।[1] ਪੰਜਾਬ ਗਵਰਨਮੈਂਟ ਦੇ ਪੋਲੀਟੀਕਲ ਮਹਿਕਮੇ ਦੇ ਰੀਕਾਰਡਾਂ ਤੋਂ ਜ਼ਾਹਿਰ ਹੁੰਦਾ ਹੈ ਕਿ ਗੁਰੂ ਜੀ ਨੂੰ ਰਾਇ ਕਲ੍ਹਾ ਨਹੀਂ ਸੀ ਮਿਲਿਆ, ਬਲਕਿ ਰਾਇ ਸ਼ਾਹਬਾਜ਼ ਖ਼ਾਨ ਮਿਲਿਆ ਸੀ, ਜੋ ਰਾਇ ਅਹਿਮਦ ਖ਼ਾਂ ਦਾ ਛੋਟਾ ਭਰਾ ਸੀ। ਸ੍ਰ: ਕਾਨ੍ਹ ਸਿੰਘ ਜੀ ਲਿਖਦੇ ਹਨ ਕਿ ਕਲ੍ਹਾ ਰਾਇ ਇਸੇ ਰਾਇ ਅਹਿਮਦ ਖ਼ਾਂ ਦਾ ਪੁਤ੍ਰ ਸੀ* ਤੇ ਇਸੇ ਰਾਇ ਅਹਿਮਦ ਖ਼ਾਂ ਨੇ ਰਾਇ ਕੋਟ ਨਗਰ ਆਬਾਦ ਕੀਤਾ ਸੀ।[2] ਰਾਇਕਿਆਂ ਦੇ ਖ਼ਾਨਦਾਨ ਵਿੱਚ ਕਲ੍ਹਾ ਨਾਮ ਦੇ ਤਿੰਨ ਰਈਸ ਹੋਏ ਹਨ। ਰਾਇ ਕਲ੍ਹਾ (ਪਹਿਲਾ), ਜੋ ਦਿੱਲੀ ਦੇ ਬਾਦਸ਼ਾਹ ਅਲਾਉਦੀਨ ਦਾ ਸਮਕਾਲੀ ਸੀ। ਦੂਜਾ ਰਾਇ ਕਲ੍ਹਾ, ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲੀ ਸੀ। ਤੀਜਾ ਰਾਇ ਕਲ੍ਹਾ ਸ਼ੁਰੂ ਦੀਆਂ ਸਿੱਖ ਮਿਸਲਾਂ ਦਾ ਸਮਕਾਲੀ ਸੀ। ਸਿੱਖ ਇਤਿਹਾਸ ਦੀਆਂ ਲਿਖਤਾਂ ਦੇ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਜਿਸ ਰਾਇ ਕਲ੍ਹੇ ਦਾ ਮਿਲਾਪ ਹੋਇਆ, ਉਹ ਦੂਜਾ ਰਾਇ ਕਲ੍ਹਾ ਹੀ ਮੰਨਿਆ ਜਾ ਸਕਦਾ ਹੈ।

ਰਾਇਕਿਆਂ ਦੇ ਖ਼ਾਨਦਾਨ ਦੀ ਵਾਕਫ਼ੀਅਤ ਲਈ ਏਥੇ ਉਨ੍ਹਾਂ ਦਾ ਕੁਝ ਇਤਿਹਾਸ ਦੇਣਾ ਜ਼ਰੂਰੀ ਹੈ। ਰਾਇ ਕੇ ਜ਼ਾਤ ਦੇ ਮੰਜ ਰਾਜਪੂਤ ਸਨ। ਇਨ੍ਹਾਂ ਦਾ ਵਡੇਰਾ ਰਾਇ ਮੋਕਲ ਭਟਨੇਰ (ਜੈਸਲਮੇਰ) ਤੋਂ ਆ ਕੇ ਮਾਲਵੇ ਵਿੱਚ ਫ਼ਰੀਦਕੋਟ ਵਾਲੀ ਥਾਂ 'ਤੇ ਵੱਸਿਆ ਸੀ। ਰਾਇ ਮੋਕਲ ਤੋਂ ਚੌਥੀ ਪੁਸ਼ਤ ਰਾਇ ਤੁਲਸੀ ਦਾਸ ਹੋਇਆ, ਜੋ ਸ਼ਾਹ ਗ਼ਿਆਸੁੱਦੀਨ ਗ਼ੌਰੀ ਦੇ ਸਮੇਂ ਮੁਸਲਮਾਨ ਬਣ ਗਿਆ ਤੇ ਸ਼ੇਖ ਚੱਕੂ ਦੇ ਨਾਮ ਨਾਲ ਪ੍ਰਸਿੱਧ ਹੋਇਆ। ਇਸ ਸ਼ੇਖ ਚੱਕੂ ਦੇ ਖ਼ਾਨਦਾਨ ਵਿੱਚ ਰਾਇ ਕਲ੍ਹਾ ਪਹਿਲਾ ਤੇ ਦੂਜਾ ਹੋਏ। ਇਨ੍ਹਾਂ ਤੋਂ ਪਿੱਛੋਂ ਤੀਜੇ ਰਾਇ ਕਲ੍ਹੇ ਨੇ ਮੁਸਲਮਾਨ ਹਕੂਮਤ ਦੇ ਕਾਰਣ ਆਪਣਾ ਰਸੂਖ ਵਧਾ ਕੇ ਫ਼ੀਰੋਜ਼ਪੁਰ ਤੋਂ ਲੁਧਿਆਣੇ ਜ਼ਿਲ੍ਹੇ ਤੱਕ ਦਾ ਬਹੁਤ ਸਾਰਾ ਇਲਾਕਾ ਮੱਲ ਲਿਆ। ਨਵਾਬ ਮਲੇਰਕੋਟਲਾ ਤੇ ਫੂਲ ਖ਼ਾਨਦਾਨ ਦੇ ਸਰਦਾਰਾਂ ਨਾਲ ਰਾਇ ਕਿਆਂ ਦਾ ਮਿਲਾਪ ਸੀ ਤੇ ਸੂਬਾ ਸਰਹਿੰਦ ਨਾਲ ਇਨ੍ਹਾਂ ਦੀ ਸ਼ੁਰੂ ਤੋਂ ਹੀ ਕੁਝ ਅਣਬਣ ਸੀ[3], ਇਸ ਲਈ ਇਨ੍ਹਾਂ ਦੇ ਰਾਜ ਅੰਦਰ ਕਦਮ ਰੱਖਣ 'ਤੇ ਜੇ ਗੁਰੂ ਦਸਮੇਸ਼ ਜੀ ਦਾ ਰਾਇ ਵਲੋਂ ਸਤਿਕਾਰ ਹੋਇਆ ਤਾਂ ਕੋਈ ਅਸਚਰਜ ਗੱਲ ਨਹੀਂ ਹੈ।

ਪੰਜਾਬ ਗਵਰਨਮੈਂਟ ਦੇ ਰੀਕਾਰਡਾਂ ਦੀ ਲਿਖਤ ਅਨੁਸਾਰ ਰਾਇ ਸ਼ਾਹਬਾਜ਼ ਖ਼ਾਂ, ਜੋ ਗੁਰੂ ਜੀ ਨੂੰ ਮਿਲਿਆ ਸੀ, ਉਸ ਵੇਲੇ ਰਾਇਕੋਟ ਤੋਂ ਤਿੰਨ ਕੁ ਮੀਲ ਦੇ ਫ਼ਾਸਲੇ 'ਤੇ ਬੱਸੀਆਂ ਨਾਮੀ ਪਿੰਡ ਵਿੱਚ, ਆਪਣੇ ਛੋਟੇ ਭਰਾ ਫ਼ਤਹਿ ਖ਼ਾਂ ਸਮੇਤ,

1 ਮੈਕਾਲਿਫ ਦੇ ਕਥਨ ਅਨੁਸਾਰ, ਗ਼ਨੀ ਖ਼ਾਂ ਤੇ ਨਬੀ ਖ਼ਾਂ ਪਿੰਡ ਹੇਹਰ ਤੋਂ ਮੋੜੇ ਗਏ ਸਨ। (ਦੇਖੋ, ਦੀ ਸਿੱਖ ਰਿਲੀਜ਼ਨ, ਜਿਲਦ ੫, ਸਫ਼ਾ ੧੯੩)

2. ਲੁਧਿਆਣਾ ਡਿਸਟ੍ਰਿਕਟ ਗ਼ਜ਼ਟੀਅਰ (੧੮੮੮-੮੯), ਸਫ਼ੇ ੧੧੩-੧੨੬।

*ਦੇਖੋ, ਗੁਰ ਸ਼ਬਦ ਰਤਨਾਕਰ (ਮਹਾਨ ਕੋਸ਼), ਸਫ਼ਾ ੩੧੦੫।

3 ਲੁਧਿਆਣਾ ਡਿਸਟ੍ਰਿਕਟ ਗ਼ਜ਼ਟੀਅਰ (੧੮੮੮-੮੯), ਸਫ਼ੇ ੧੧੨-੧੧੩।

ਰਹਿੰਦਾ ਸੀ। ਜਿਸ ਦਿਨ ਉਸ ਦਾ ਗੁਰੂ ਜੀ ਦੇ ਨਾਲ ਮਿਲਾਪ ਹੋਇਆ, ਉਸ ਦਿਨ ਉਹ ਸਵੇਰੇ ਹੀ ਬੱਸੀਆਂ ਤੋਂ ਬਾਹਰ ਆਪਣੇ ਕੁਝ ਸਵਾਰਾਂ ਦੇ ਨਾਲ ਸ਼ਿਕਾਰ ਜਾ ਰਿਹਾ ਸੀ। ਗੁਰੂ ਸਾਹਿਬ ਉਸ ਰਾਤ ਰਾਇਕੋਟ ਤੋਂ ਬਾਹਰ ਝਿੜੀ ਵਿੱਚ, ਜਿੱਥੇ ਕਿ ਅੱਜ ਕਲ੍ਹ ਗੁਰਦੁਆਰਾ ਟਾਹਲੀਆਣਾ ਸਾਹਿਬ ਹੈ, ਰਹੇ ਸਨ ਤੇ ਸਵੇਰ ਹੋਣ 'ਤੇ ਆਪ ਦੀਨੇ ਪਿੰਡ ਵਲ ਜਾ ਰਹੇ ਸਨ। ਜਦ ਰਾਇ ਸ਼ਾਹਬਾਜ਼ ਖ਼ਾਂ ਪਿੰਡ ਲੰਮੇ ਜੱਟ ਪੁਰੇ ਦੇ ਨੇੜੇ ਆ ਗਿਆ ਤਾਂ ਉਸ ਨੂੰ ਰਾਹ ਵਿੱਚ ਗੁਰੂ ਸਾਹਿਬ ਮਿਲੇ। ਸਤਿਗੁਰਾਂ ਦਾ ਰਾਇ ਨੇ ਬੜਾ ਮਾਣ ਸਤਿਕਾਰ ਕੀਤਾ ਤੇ ਆਪਣੇ ਨਾਲ ਹੀ ਪਿੰਡ ਲੰਮੇ ਲੈ ਜਾ ਕੇ ਉਸ ਨੇ ਗੁਰੂ ਜੀ ਨੂੰ ਬੜੀ ਸ਼ਰਧਾ ਨਾਲ ਠਹਿਰਾਇਆ[1] ਤੇ ਆਪਣਾ ਇਕ ਸੇਵਾਦਾਰ ਭੇਜ ਕੇ ਸਰਹਿੰਦ ਤੋਂ ਮਾਤਾ ਜੀ ਤੇ ਸਾਹਿਬਜ਼ਾਦਿਆਂ ਤੇ ਸ਼ਹੀਦ ਹੋਣ ਦੀ ਖ਼ਬਰ ਮੰਗਾ ਕੇ ਗੁਰੂ ਜੀ ਨੂੰ ਸੁਣਾਈ।[2] ਗੁਰੂ ਸਾਹਿਬ ਰਾਇ ਦੀ ਇਹ ਹਮਦਰਦੀ ਦੇਖ ਕੇ ਬੜੇ ਪ੍ਰਸੰਨ ਹੋਏ ਤੇ ਤੁਰਨ ਲੱਗਿਆਂ ਆਪਣੇ ਗਾਤਰੇ ਦੀ ਤਲਵਾਰ ਰਾਇ ਨੂੰ ਪ੍ਰਦਾਨ ਕੀਤੀ ਤੇ ਫ਼ੁਰਮਾਇਆ :

"ਪਰਵਦਗਾਰ ਤੁਮ ਕੋ ਸਲਾਮਤ ਬਾ ਕਰਾਮਤ ਰਖੇ ਔਰ
ਰਿਆਸਤ ਪਰ ਮੁਕੀਮ ਫ਼ਰਮਾਵੇ ਔਰ ਇਸ ਸ਼ਮਸ਼ੀਰ ਕੋ
ਮੁਤਬੱਰਕ ਸਮਝ ਕਰ ਬਜਾ ਅਪਨੇ ਪਾਸ ਰਖਨਾ।"

(ਪੰ: ਗ: ਰੀ:, ੨੨ ਸਤੰਬਰ, ੧੮੫੪, ਨੰ: ੭-੧੦)

ਸਿੱਖ-ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਜਦ ਰਾਇ ਨੇ ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਦੀ ਖ਼ਬਰ ਸੁਣਾਈ ਤਾਂ ਗੁਰੂ ਜੀ ਕ੍ਰਿਪਾਨ ਨਾਲ ਕਾਹੀ ਦੀਆਂ ਜੜ੍ਹਾਂ ਪੁੱਟਣ ਲੱਗ ਪਏ ਤੇ ਪੁੱਛਣ ਪਰ ਉੱਤਰ ਦਿੱਤਾ ਕਿ ਤੁਰਕਾਨੀ ਹਕੂਮਤ ਦੀਆਂ ਜੜ੍ਹਾਂ ਪੁੱਟੀਆਂ ਜਾ ਰਹੀਆਂ ਹਨ। ਰਾਇ ਨੇ ਇਹ ਸਰਾਪ ਸੁਣ ਕੇ ਆਪਣੀ ਹਕੂਮਤ ਨੂੰ ਸਹੀ ਸਲਾਮਤ ਰੱਖਣ ਲਈ ਬੇਨਤੀ ਕੀਤੀ। ਗੁਰੂ ਸਾਹਿਬ ਚੂੰਕਿ ਰਾਇ ਦੀ ਸ਼ਰਧਾ ਦੇਖ ਕੇ ਪਹਿਲਾਂ ਹੀ ਪ੍ਰਸੰਨ ਹਨ, ਇਸ ਲਈ ਉਨ੍ਹਾਂ ਨੇ ਆਪਣੇ ਗਾਤਰੇ ਦੀ ਤਲਵਾਰ ਉਤਾਰ ਕੇ ਰਾਇ ਨੂੰ ਦਿੱਤੀ ਤੇ ਕਿਹਾ, "ਜਦ ਤਕ ਇਸ ਤਲਵਾਰ ਦਾ

---

1 ਮੈਕਾਲਿਫ਼ ਸਾਹਿਬ ਨੇ ਲਿਖਿਆ ਹੈ ਕਿ ਰਾਇ ਨੇ ਗੁਰੂ ਜੀ ਨੂੰ ਜੱਟ ਪੁਰੇ, ਜੋ ਲੰਮੇ ਦੇ ਲਾਗੇ ਹੀ ਇਕ ਪਿੰਡ ਹੈ, ਠਹਿਰਾਇਆ ਸੀ। (ਦੀ ਸਿੱਖ ਰਿਲੀਜਨ, ਭਾਗ ੫, ਸਫ਼ਾ ੧੯੩) ਡਾਕਟਰ ਮੈਕਗ੍ਰੀਗਰ ਨੇ ਵੀ ਗੁਰੂ ਜੀ ਦੇ ਜੱਟ ਪੁਰੇ ਜਾਣ ਦਾ ਜ਼ਿਕਰ ਕੀਤਾ ਹੈ ਤੇ ਲਿਖਿਆ ਹੈ ਕਿ ਇਥੇ ਗੁਰੂ ਜੀ ਅੱਠ ਦਿਨ ਠਹਿਰੇ ਸਨ। (ਦੇਖੋ, ਹਿਸਟਰੀ ਆਫ਼ ਦੀ ਸਿਖਸ, ਭਾਗ ੧, ਸਫ਼ਾ ੯੨) ਪਰ ਸਿੱਖਾਂ ਦੇ ਪੁਰਾਤਨ ਲਿਖਾਰੀ ਬਾਬਾ ਸਰੂਪ ਦਾਸ ਭੱਲਾ ਤੇ ਭਾਈ ਸੰਤੋਖ ਸਿੰਘ ਦੇ ਕਥਨ ਅਨੁਸਾਰ 'ਗੁਰੂ ਜੀ ਲੰਮੇ ਜੱਟ ਪੁਰੇ ਜਾ ਕੇ ਠਹਿਰੇ ਸਨ।' ਪੰਜਾਬ ਗਵਰਨਮੈਂਟ ਦੇ ਰੀਕਾਰਡਾਂ ਵਿਚ ਵੀ ਗੁਰੂ ਜੀ ਦਾ ਲੰਮੇ ਜਾ ਕੇ ਠਹਿਰਨਾ ਸਾਬਤ ਹੁੰਦਾ ਹੈ।

2 ਸ੍ਰ: ਕਾਨ੍ਹ ਸਿੰਘ ਜੀ ਲਿਖਦੇ ਹਨ ਕਿ ਰਾਇ ਕਲ੍ਹੇ ਨੇ ਰਾਇਕੋਟ ਤੋਂ ਨੂਰੇ ਮਾਹੀ ਨੂੰ ਸਰਹੰਦ ਭੇਜ ਕੇ ਸਾਹਿਬਜ਼ਾਦਿਆਂ ਦੀ ਖ਼ਬਰ ਮੰਗਵਾਈ ਸੀ।

(ਦੇਖੋ, ਗੁਰ ਸ਼ਬਦ ਰਤਨਕਾਰ [ਮਹਾਨ ਕੋਸ਼] ਸਫ਼ਾ ੧੯੪੫।)

ਸਤਿਕਾਰ ਰੱਖੋਗੇ, ਤੁਹਾਡਾ ਰਾਜ ਕਾਇਮ ਰਹੇਗਾ।"[1]

ਰਾਇ ਗੁਰੂ ਜੀ ਦੀ ਇਸ ਬਖ਼ਸ਼ਿਸ਼ ਤੋਂ ਬਹੁਤ ਖੁਸ਼ ਹੋਇਆ ਤੇ ਉਹ ਮੁਤਬੱਰਕ ਤਲਵਾਰ ਆਪਣੇ ਘਰ ਲੈ ਗਿਆ ਅਤੇ ਸਤਿਗੁਰਾਂ ਦੀ ਦਾਤ ਸਮਝ ਕੇ ਉਸ ਦਾ ਬੜਾ ਸਤਿਕਾਰ ਕਰਦਾ ਰਿਹਾ। ਭਾਈ ਸੰਤੋਖ ਸਿੰਘ ਜੀ ਨੇ ਰਾਇ ਦੀ ਤਲਵਾਰ-ਪੂਜਾ ਬੜੇ ਮਨੋਹਰ ਢੰਗ ਨਾਲ ਬਿਆਨ ਕੀਤੀ ਹੈ ਤੇ ਦੱਸਿਆ ਕਿ ਪੂਜਾ ਸਿਆਲ ਅਤੇ ਹੁਨਾਲ ਵਿੱਚ ਵੱਖੋ-ਵੱਖ ਤਰ੍ਹਾਂ ਦੀ ਹੁੰਦੀ ਸੀ।[2] ਗਿਆਨੀ ਗਿਆਨ ਸਿੰਘ ਦੇ ਕਥਨ ਅਨੁਸਾਰ- ਇਸ ਸ਼ਰਧਾ ਦਾ ਕਾਰਨ ਇਹ ਸੀ ਕਿ ਰਾਇ ਦੇ ਵਡੇਰੇ ਹਿੰਦੂਆਂ ਤੋਂ ਮੁਸਲਮਾਨ ਹੋਏ ਸਨ, ਜਿਸ ਕਰਕੇ ਉਨ੍ਹਾਂ ਵਿੱਚ ਹਿੰਦੂਆਂ ਵਾਲੀ ਸ਼ਰਧਾ ਅਜੇ ਘਟੀ ਨਹੀਂ ਸੀ। ਰਾਇ ਨੇ ਇਸ ਬਖ਼ਸ਼ਿਸ਼ ਦੇ ਬਦਲੇ ਇਕ ਚੰਗਾ ਘੋੜਾ, ਇਕ ਢਾਲ-ਤਲਵਾਰ, ਪੇਸ਼ ਕਬਜ਼ ਤੇ ਇਕ ਸੌ ਅਸ਼ਰਫ਼ੀ ਗੁਰੂ ਜੀ ਦੀ ਭੇਟਾ ਕੀਤੀ।[3]

ਰਾਇ ਕਲ੍ਹੇ ਦੇ ਸਮੇਂ ਵਿਚ ਰਾਇਕਿਆਂ ਦੀ ਰਾਜਧਾਨੀ ਤਲਵੰਡੀ ਸੀ। ਪਿੱਛੋਂ ਰਾਇ ਅਹਿਮਦ ਖ਼ਾਂ ਨੇ ਹਕੂਮਤ ਦਾ ਕੇਂਦਰ ਰਾਇਕੋਟ ਬਦਲਿਆ। ਰਾਇ ਸ਼ਾਹਬਾਜ਼ ਖ਼ਾਂ ਦੇ ਜੀਉਂਦਿਆਂ ਹੀ ਜਾਂ ਉਸ ਤੋਂ ਪਿੱਛੋਂ ਗੁਰੂ ਸਾਹਿਬ ਦੀ ਇਹ ਮੁਤਬੱਰਕ ਤਲਵਾਰ ਰਾਇ ਕੋਟ ਪੁੱਜ ਗਈ। ਰਾਇ ਅਹਿਮਦ ਖ਼ਾਂ ਬੜਾ ਚਿਰ ਜੀਵਿਆ। ਫਿਰ ਰਾਇ ਕਲ੍ਹੇ (ਤੀਜੇ) ਤੋਂ ਬਾਅਦ ਉਸ ਦਾ ਗੱਦੀ-ਨਸ਼ੀਨ ਰਾਇ ਅਲਯਾਸ ਹੋਇਆ, ਰਾਇ ਅਲਯਾਸ ਦਾ ਸਮਾਂ ਸੰਨ ੧੭੭੯ ਤੋਂ ੧੮੦੨ ਈ: ਤੱਕ ਹੈ। ਇਸ ਦੇ ਸਮੇਂ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਬਖ਼ਸ਼ਿਸ਼ ਦੀ ਉਹ ਕਦਰ ਨਾ ਰਹੀ, ਜੋ ਰਾਇ ਕਲ੍ਹੇ ਦੇ ਸਮੇਂ ਤੋਂ ਚਲੀ ਆਉਂਦੀ ਸੀ।[4] ਨਤੀਜਾ ਇਸ ਬੇ-ਪਰਵਾਹੀ ਦਾ ਇਹ ਹੋਇਆ ਕਿ ਇਕ ਦਿਨ ਮੁਲਾਣਿਆਂ ਦੇ ਆਖੇ ਲੱਗ ਕੇ ਰਾਇ ਅਲਯਾਸ ਨੇ ਗੁਰੂ ਜੀ ਦੀ ਪਵਿਤ੍ਰ ਤਲਵਾਰ ਪਹਿਨ ਲਈ ਤੇ ਘੋੜੇ ਉੱਤੇ ਚੜ੍ਹ ਕੇ ਜਗਰਾਉਂ ਵਲ ਸ਼ਿਕਾਰ ਚਲਿਆ ਗਿਆ। ਅੱਗੇ ਜਾ ਕੇ ਉਸ ਨੇ ਹਰਨ ਦੇ ਮਗਰ ਘੋੜਾ ਦੌੜਾਇਆ। ਅਚਾਨਕ ਘੋੜੇ ਦੇ ਠੋਕਰ ਖਾ ਕੇ ਡਿੱਗਣ ਸਾਰ ਰਾਇ ਦਾ ਪੈਰ ਰਕਾਬ ਵਿਚ ਫਸ ਗਿਆ। ਰਕਾਬ ਦਾ ਚਮੜਾ ਕੱਟਣ ਲਈ ਰਾਇ ਨੇ ਫੁਰਤੀ ਨਾਲ ਕੱਢ ਕੇ ਉਹ ਤਲਵਾਰ ਚਲਾਈ, ਜੋ ਘੋੜੇ ਦੇ ਉਭਰਨ ਸਾਰ ਉਲਟੀ ਰਾਇ ਦੀ ਜੰਘ ਨੂੰ ਹੀ ਚੀਰ ਗਈ।[5] ਜ਼ਖਮ ਗਹਿਰਾ ਲੱਗਾ, ਜਿਸ ਕਰਕੇ ਲਹੂ ਦੇ ਫੁਵਾਰੇ ਵਹਿ ਤੁਰੇ ਤੇ ਥੋੜੀ ਦੂਰ ਜਾ ਕੇ ਹੀ ਉਸ ਦੀ ਇਸੇ ਜ਼ਖਮ ਦੇ ਕਾਰਣ ਮੌਤ ਹੋ ਗਈ। ਇਹ ਘਟਨਾ ਸੰਨ ੧੮੦੨ ਈ: ਦੀ ਹੈ।

ਰਾਇ ਅਲਯਾਸ ਦੇ ਸੰਤਾਨ ਕੋਈ ਨਹੀਂ ਸੀ, ਇਸ ਲਈ ਉਸ ਤੋਂ ਪਿਛੋਂ ਉਸ

1 ਸੂਰਜ ਪ੍ਰਕਾਸ਼, ਰੁੱਤ ੬, ਅੰਸੂ ੫੩; ਤਵਾਰੀਖ਼ ਗੁਰੂ ਖ਼ਾਲਸਾ, ਹਿੱਸਾ ੩ ਸਫ਼ਾ ੧੯੫੪; ਦੀ ਸਿੱਖ ਰਿਲੀਜ਼ਨ, ਭਾਗ ੫, ਸਫ਼ਾ ੨੦੦।

2 ਦੇਖੋ, ਸੂਰਜ ਪ੍ਰਕਾਸ਼, ਰੁੱਤ ੬, ਅੰਸੂ ੪੫ ।

3 ਦੇਖੋ, ਤਵਾਰੀਖ਼ ਗੁਰੂ ਖ਼ਾਲਸਾ, ਹਿੱਸਾ ੩, ਸਫ਼ਾ ੧੯੫੪ ।

4 ਦੇਖੋ, ਸੂਰਜ ਪ੍ਰਕਾਸ਼, ਰੁੱਤ ੬, ਅੰਸੂ ੫੪ ।

5 ਸਿੱਖ ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਰਾਇ ਨੇ ਇਹ ਤਲਵਾਰ ਹਰਨ ਨੂੰ ਚਲਾਈ ਸੀ।

ਦਾ ਰਾਜ ਉਸ ਦੀ ਵਿਧਵਾ ਰਾਣੀ ਭਾਗ ਭਰੀ ਨੇ ਸਾਂਭਿਆ। ਰਾਣੀ ਭਾਗ ਭਰੀ ਨੇ ਆਪਣਾ ਭਤੀਜਾ ਇਮਾਮ ਬਖ਼ਸ਼ ਗੋਦ ਲਿਆ। ਰਾਇ ਇਮਾਮ ਬਖ਼ਸ਼ ਦੇ ਨਾਲ ਹੀ ਰਾਇ ਅਹਿਮਦ ਖਾਨ, ਜੋ ਰਾਇ ਕਲ੍ਹੇ ਦੇ ਖ਼ਾਨਦਾਨ ਨਾਲ ਦੂਰੋਂ ਸੰਬੰਧ ਰੱਖਣ ਵਾਲਾ ਹੋਣ ਕਰਕੇ ਹੱਕਦਾਰ ਸੀ, ਰਾਇ ਕੋਟ ਵਿਚ ਹੀ ਰਹਿੰਦਾ ਸੀ। ਇਹ ਮੌਕਾ ਹਿੰਦੁਸਤਾਨ ਵਿਚ ਡਾਢੀ ਰਾਜਸੀ ਉੱਥਲ ਪੁੱਥਲ ਦਾ ਸੀ। ਰਾਇ ਅਲਯਾਸ ਦੀ ਮੌਤ ਤੋਂ ਅਗਲੇ ਸਾਲ (ਸੰਨ ੧੮੦੩ ਵਿੱਚ) ਅੰਗਰੇਜ਼ਾਂ ਨੇ ਦਿੱਲੀ ਉੱਤੇ ਕਬਜ਼ਾ ਕੀਤਾ ਤੇ ਹਿਠਾੜ ਸਤਲੁਜ ਦੀਆਂ ਰਿਆਸਤਾਂ ਨੂੰ ਆਪਣੇ ਨਾਲ ਜੋੜਨਾ ਅਰੰਭਿਆ। ਇਧਰੋਂ ਇਸੇ ਸਾਲ ਮਹਾਰਾਜਾ ਰਣਜੀਤ ਸਿੰਘ ਨੇ ਸਤਲੁਜ ਲੰਘ ਕੇ ਲੁਧਿਆਣਾ ਦਾ ਨਵਾਂ ਇਲਾਕਾ ਮੱਲਿਆ। ਲੁਧਿਆਣੇ ਸਮੇਤ ਜਗਰਾਉਂ ਦੇ ਫ਼ੀਰੋਜ਼ਪੁਰ ਦੇ ਬਹੁਤ ਸਾਰੇ ਪਿੰਡ ਮਹਾਰਾਜੇ ਨੇ ਕਬਜ਼ੇ ਵਿੱਚ ਕਰਕੇ ਆਪਣੇ ਸਰਦਾਰਾਂ ਵਿੱਚ ਵੰਡ ਦਿੱਤੇ ਤੇ ਰਾਣੀ ਭਾਗ ਭਰੀ ਦੇ ਗੁਜ਼ਾਰੇ ਲਈ ਮਸਾਂ ਦੋ ਜਾਂ ਤਿੰਨ ਪਿੰਡ ਹੀ ਬਾਕੀ ਛੱਡੇ।

(ਦੇਖੋ, ਲੁਧਿਆਣਾ ਗਜ਼ਟੀਅਰ, ਸਫ਼ੇ ੨੯, ੧੧੩)

ਇਸ ਸਮੇਂ ਮਹਾਰਾਜਾ ਰਣਜੀਤ ਸਿੰਘ ਨੇ ਚੌਧਰੀ ਕਾਦਰ ਬਖ਼ਸ਼ ਅਹਿਲਕਾਰ ਰਾਜਾ ਕਪੂਰਥਲਾ ਦੇ ਰਾਹੀਂ ਰਾਣੀ ਭਾਗ ਭਰੀ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉਹ ਤਲਵਾਰ, ਜੋ ਗੁਰੂ ਜੀ ਨੇ ਰਾਇ ਨੂੰ ਬਖ਼ਸ਼ੀ ਸੀ, ਮੰਗੀ ਤੇ ਉਸ ਦੇ ਬਦਲੇ ਜਾਗੀਰ ਦੇਣੀ ਚਾਹੀ, ਪਰ ਅੱਗੋਂ ਰਾਣੀ ਨੇ ਇਹ ਕਹਿ ਕੇ ਸਾਫ਼ ਇਨਕਾਰ ਕਰ ਦਿੱਤਾ ਕਿ ਅਸੀਂ ਕੋਈ ਮੁਤਬੱਰਕ ਫ਼ਰੋਸ਼ ਅਥਵਾ ਪਵਿੱਤ੍ਰ ਚੀਜ਼ਾਂ ਵੇਚਣ ਵਾਲੇ ਨਹੀਂ ਹਾਂ। ਪਿੱਛੋਂ ਮਹਾਰਾਜਾ ਪਟਿਆਲਾ ਨੇ ਵੀ ਉਸ ਤੋਂ ਇਹ ਤਲਵਾਰ ਲੈਣ ਦੀ ਕੋਸ਼ਿਸ਼ ਕੀਤੀ, ਪਰ ਰਾਣੀ ਵਲੋਂ ਉੱਤਰ ਇਨਕਾਰ ਵਿੱਚ ਹੀ ਮਿਲਿਆ।

(ਦੇਖੋ, ਪੰ: ਗ: ਰੀ:, ੧੮੪੪-੫੫)

ਸ੍ਰ: ਕਾਨ੍ਹ ਸਿੰਘ ਜੀ ਨਾਭਾ ਲਿਖਦੇ ਹਨ ਕਿ ਇਹ ਤਲਵਾਰ ਰਾਇ ਕਿਆਂ ਤੋਂ ਨਵਾਬ ਮਾਲੇਰ ਕੋਟਲਾ ਦੇ ਜ਼ਰੀਏ ਮਹਾਰਾਜਾ ਜਸਵੰਤ ਸਿੰਘ ਨਾਭੇ ਵਾਲਿਆਂ ਨੂੰ ਮਿਲੀ। ਹੁਣ ਇਹ ਤਲਵਾਰ ਨਾਭੇ ਦੇ ਗੁਰਦੁਆਰਾ ਸਿਰੋਪਾ ਸਾਹਿਬ ਵਿੱਚ ਹੈ। ਮਹਾਰਾਜਾ ਸਾਹਿਬ ਦੇ ਗੁਰਦੁਆਰਾ ਸਿਰੋਪਾ ਸਾਹਿਬ ਦੇ ਪਵਿੱਤ੍ਰ ਸ਼ਸਤ੍ਰਾਂ ਵਿੱਚ ਇਸ ਤਲਵਾਰ ਦੀ ਗਿਣਤੀ ਵੀ ਹੈ ਤੇ ਇਕ ਗੱਲ ਵਿਸ਼ੇਸ਼ ਦੱਸੀ ਹੈ ਕਿ ਇਸ ਤਲਵਾਰ ਪਰ Genoa ਲਿਖਿਆ ਹੋਇਆ ਹੈ। Genoa ਅਥਵਾ Genoad ਇਟਲੀ ਦੀ ਪ੍ਰਸਿੱਧ ਬੰਦਰਗਾਹ ਹੈ। ਇਸ ਵਿੱਚ ਪੁਰਾਣੇ ਸਮੇਂ ਆਲਾ ਦਰਜੇ ਦੀਆਂ ਤਲਵਾਰਾਂ ਬਣਦੀਆਂ ਸਨ। ਜਦ ਯੂਰਪ ਦੇ ਵਪਾਰੀ ਹਿੰਦੁਸਤਾਨ ਆਉਣ ਲੱਗੇ, ਤਦ ਇਥੋਂ ਦੀਆਂ ਤਲਵਾਰਾਂ ਸਾਡੇ ਦੇਸ਼ ਆਈਆਂ।[1] ਪਰ ਪੰਜਾਬ ਗਵਰਨਮੈਂਟ ਦੇ ਰਿਕਾਰਡ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਇਹ ਤਲਵਾਰ ਰਾਇ ਕੋਟੀਆਂ ਵਲੋਂ ਕਿਸੇ ਸਿੱਖ ਰਾਜੇ ਨੂੰ ਨਹੀਂ ਦਿੱਤੀ ਗਈ ਤੇ ਸੰਨ ੧੮੫੪ ਈ: ਤੱਕ ਰਾਇ ਕਿਆਂ ਦੇ ਹੀ ਖ਼ਾਨਦਾਨ ਪਾਸ ਰਹੀ।

ਮਈ, ਸੰਨ ੧੮੫੪ ਵਿੱਚ ਰਾਣੀ ਭਾਗ ਭਰੀ ਦਾ ਦੇਹਾਂਤ ਹੋਣ 'ਤੇ ਉਸ ਦਾ

ਪਾਲਕ ਪੁੱਤ੍ਰ ਰਾਇ ਇਮਾਮ ਬਖ਼ਸ਼ ਰਾਇ ਕੋਟ ਦੀ ਜਾਗੀਰ ਦਾ ਮਾਲਕ ਬਣਿਆ। ਦੂਜਾ ਹੱਕਦਾਰ ਰਾਇ ਅਹਿਮਦ ਖਾਂ ਵੀ ਮੌਜੂਦ ਸੀ। ਰਾਣੀ ਦੀ ਮੌਤ ਤੋਂ ਪਿੱਛੋਂ ਡਿਪਟੀ ਕਮਿਸ਼ਨਰ ਲੁਧਿਆਣਾ ਸਬੱਬ ਨਾਲ ਮਾਤਮ ਪੁਰਸੀ ਦੇ ਬਹਾਨੇ ਰਾਇ ਕੋਟ ਗਏ ਤੇ ਰਾਇ ਇਮਾਮ ਬਖ਼ਸ਼ ਨੇ ਅਚਾਨਕ ਇਸ ਖ਼ਿਆਲ ਨਾਲ ਪ੍ਰਭਾਵਿਤ ਹੋ ਕੇ ਕਿ ਗਵਰਨਮੈਂਟ ਬਰਤਾਨੀਆਂ ਵਲੋਂ ਕੁਝ ਬਖਸ਼ਿਸ਼ ਹੋਵੇਗੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉਹ ਤਲਵਾਰ ਬਾਦਸ਼ਾਹੀ ਪੇਸ਼ਕਸ਼ ਲਈ ਡਿਪਟੀ ਕਮਿਸ਼ਨਰ ਨੂੰ ਦੇ ਦਿੱਤੀ[1] ਡਿਪਟੀ ਕਮਿਸ਼ਨਰ ਨੇ ਇਹ ਤਲਵਾਰ ਹਿਠਾੜ ਸਤਲੁਜ ਦੀਆਂ ਰਿਆਸਤਾਂ ਦੇ ਕਮਿਸ਼ਨਰ ਤੇ ਸੁਪ੍ਰਟੰਡੰਟ ਪਾਸ ਭੇਜ ਦਿੱਤੀ ਤੇ ਫੇਰ ਉਥੋਂ ਇਹ ਤਲਵਾਰ ਪੰਜਾਬ ਗਵਰਨਮੈਂਟ ਦੀ ਮਾਰਫ਼ਤ ੨੮ ਨਵੰਬਰ, ਸੰਨ ੧੮੫੪ ਈ: ਨੂੰ ਇੰਗਲੈਂਡ ਰਵਾਨਾ ਕੀਤੀ ਗਈ। ਇਸ ਤਲਵਾਰ ਦੇ ਫਲ ਉੱਤੇ ਗੁਰਮੁਖੀ ਅੱਖਰਾਂ ਵਿੱਚ ਗੁਰਬਾਣੀ ਦੀ ਇਹ ਇਬਾਰਤ ਉੱਕਰੀ ਹੋਈ ਹੈ:

(ਦਹਿਨੀ ਤਰਫ਼)

ਅਕਾਲ ਪੁਰਖ ਕੀ ਰਛਿਆ ਹਮ ਨੈ।।
੧ੴ ਸਤਿਗੁਰ ਪ੍ਰਸਾਦਿ।।
ਉਤਾਰ ਖਾਸੇ ਪਾਤਸਾਹੀ ੧੦ ।।
ਸਰਬ ਲੋਹ ਕੀ ਰਛਆ ਹਮ ਨੈ।।

(ਬਾਈਂ ਤਰਫ਼)

ਸਰਬ ਕਾਲ ਕੀ ਰਛਆ ਹਮ ਨੈ।।
ਸਰ.....ਜੀ ਦੀ ਰਛਆ ਹਮ ਨੈ[2] ।।

---

ਦੇਖੋ, ਗੁਰ ਸ਼ਬਦ ਤਰਨਾਕਰ ਮਹਾਨ ਕੋਸ਼, ਸਫ਼ਾ ੨੦੩੫ ।

1 ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤਲਵਾਰ ਦੇ ਦੇਣ ਦਾ ਕੁਝ ਹਾਲ ਰਾਇ ਇਮਾਮ ਬਖ਼ਸ਼ ਤੇ ਰਾਇ ਅਹਿਮਦ ਖ਼ਾਨ ਦੀ ਕਲਮ ਤੋਂ, ਜੋ ਉਨ੍ਹਾਂ ਨੇ ਪੰਜਾਬ ਗਵਰਨਮੈਂਟ ਨੂੰ ਲਿਖ ਕੇ ਦਿੱਤਾ ਸੀ, ਫ਼ਾਰਸੀ ਵਿਚ ਇਸ ਤਰ੍ਹਾਂ ਹੈ:

"ਰੋਜ਼ੇ ਕਿ ਜਨਾਬ ਮਾਈ ਸਾਹਿਬਾ ਮੁਅੱਜ਼ਮਾ ਮਕੱਰਮਾ ਰਹਲਤ ਫ਼ਰਮਾਏ ਮੁਲਕਿ ਜਾਵਿਦਾਂ ਸ਼ੁਦੰਦ ਵ ਸਾਹਿਬ ਡਿਪਟੀ ਕਮਿਸ਼ਨਰ ਬਹਾਦਰ ਜ਼ਿਲ੍ਹਾ ਲੁਧਿਆਣਾ ਬਰਾਇ ਮਅਜ਼ਰਤ ਵ ਤਸ਼ੱਫ਼ੀ ਮਾ ਬੇਕਸਾਂ ਵ ਦਰਿਆਫ਼ਤ ਹਾਲਿ ਰੌਨਕ ਅਫ਼ਰੋਜ਼ ਕਸਬਾ ਰਾਇ ਕੋਟ ਸ਼ੁਦੰਦ ਮਾ ਫ਼ਿਦਵੀਆਂ ਬਖ਼ਿਆਲਿ ਫ਼ਹਿਮੀਦਹ ਸ਼ਮਸ਼ੇਰ ਮੁਤੱਬਰਕਾ ਗੁਰੂ ਗੋਬਿੰਦ ਸਿੰਘ ਰਾ ਕਿ ਬਿਹਤਰ ਅਜ਼ੀਂ ਕਾਲਾਏ ਬੇਬਹਾ ਨਜ਼ਰਿ ਸ਼ਾਹਾਨਾ ਬਖ਼ਾਨਾਏ ਖ਼ੁਦ ਦਾਸਤਮ ਬਖ਼ਿਦਮਤਿ ਸਾਹਿਬ ਡਿਪਟੀ ਕਮਿਸ਼ਨਰ ਬਹਾਦੁਰ ਬਰਾਇ ਨਜ਼ਰਿ ਸ਼ਹਨਸ਼ਾਹ ਇੰਗਲਸ਼ੀਆ ਬਹਾਦੁਰ ਬਜ਼ਰੀਯਹ ਜਨਾਬਿ ਗਵਰਨਰ ਜਨਰਲ ਸਾਹਿਬ ਬਹਾਦੁਰ ਗੁਜ਼ਰਾਨੀ-ਦੇਮ।" (ਪੰ: ਗ: ਰੀ:, ੨੩ ਸਤੰਬਰ, ੧੮੫੪, ਨੰ: ੭-੧੦)

2 ਪੰ: ਗ: ਰੀ:, ਨੰ: ੧੧-੧੩ (੨ ਦਸੰਬਰ, ੧੮੫੪) ਵਿੱਚ ਤਲਵਾਰ ਦੀ ਇਬਾਰਤ ਗੁਰਮੁਖੀ ਤੇ ਫ਼ਾਰਸੀ ਦੋਹਾਂ ਲਿੱਪੀਆਂ ਵਿੱਚ ਦਿੱਤੀ ਹੋਈ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਸਲੀ ਤਲਵਾਰ ਕੇਹੜੀ ਹੈ, ਨਾਭੇ ਵਾਲੀ ਜਾਂ ਜੋ ਇੰਗਲੈਂਡ ਭੇਜੀ ਗਈ? ਜਿਤਨਾ ਚਿਰ ਇਹ ਦੋਵੇਂ ਤਲਵਾਰਾਂ ਨਾ ਦੇਖੀਆਂ ਜਾਣ ਉਤਨਾ ਚਿਰ ਇਹ ਫ਼ੈਸਲਾ ਕਰਨਾ ਉਸੇ ਤਰ੍ਹਾਂ ਬੜਾ ਔਖਾ ਹੈ ਜਿਸ ਤਰ੍ਹਾਂ ਕਿ ਗੁਰੂ ਜੀ ਦੀ ਡਲੇ ਵਾਲੀ ਬੰਦੂਕ ਦਾ, ਜੋ ਦਮਦਮੇ ਸਾਹਿਬ ਤੇ ਸ੍ਰੀ ਕੇਸਗੜ੍ਹ ਆਨੰਦਪੁਰ ਸਾਹਿਬ ਦੋਵੇਂ ਥਾਵੀਂ ਮੌਜੂਦ ਹੈ, ਪਰ ਅਸਲੀਅਤ ਪਰਖਣ ਲਈ ਜੇ ਇਨਸਾਫ਼ ਤੋਂ ਕੰਮ ਲਿਆ ਜਾਵੇ ਤਾਂ ਵਿਲਾਇਤ ਭੇਜੀ ਗਈ ਤਲਵਾਰ ਵਿੱਚ ਸ਼ੱਕ ਦੀ ਘੱਟ ਗੁੰਜਾਇਸ਼ ਹੈ। ਸਿਰਫ਼ ਇਕ ਨੁਕਸ ਉਸ ਤਲਵਾਰ ਵਿੱਚ ਹੈ ਕਿ ਉਸ ਦਾ ਫਲ ਬੜਾ ਸਾਦਾ ਹੈ। ਸ਼ਾਇਦ ਇਸੇ ਲਈ ਹਿਠਾੜ ਸਤਲੁਜ ਦੀਆਂ ਰਿਆਸਤਾਂ ਦੇ ਕਮਿਸ਼ਨਰ ਨੇ ਇਸ ਤਲਵਾਰ ਦੇ ਸੰਬੰਧ ਵਿੱਚ ਲਿਖਿਆ ਹੈ:

"I doubt myself whether any historical value attaches to this weapon."

(ਦੇਖੋ, ਪੰ: ਗ: ਰੀ:, ੧੦ ਜੂਨ, ੧੮੫੪, ਨੰ: ੭-੯)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤਲਵਾਰ ਤੋਂ ਇਲਾਵਾ ਪਵਿੱਤ੍ਰ ਚੀਜ਼ਾਂ ਹੋਰ ਵੀ ਰਾਇਕਿਆਂ ਦੇ ਖ਼ਾਨਦਾਨ ਪਾਸ ਸਿੱਖਾਂ ਨਾਲ ਸੰਬੰਧ ਰੱਖਣ ਵਾਲੀਆਂ ਸਨ। ਇਕ ਗੁਰੂ ਜੀ ਦਾ ਗੰਗਾ ਸਾਗਰ ਤੇ ਦੂਜੀ ਪੋਥੀ ਖੋਲ੍ਹਣ ਦੀ ਰੇਹਲ। ਇਹ ਦੋਵੇਂ ਚੀਜ਼ਾਂ ਰਾਇਕਿਆਂ ਦੇ ਪਾਸ ਪਾਕਿਸਤਾਨ ਬਣਨ ਤੋਂ ਪਹਿਲਾਂ ਤੱਕ ਮੌਜੂਦ ਸਨ। ਸ: ਕਾਨ੍ਹ ਸਿੰਘ ਜੀ ਨਾਭਾ ਨੇ ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਵਿੱਚ ਇਨ੍ਹਾਂ ਦੋਹਾਂ ਪਵਿੱਤ੍ਰ ਚੀਜ਼ਾਂ ਦਾ ਜ਼ਿਕਰ ਕੀਤਾ ਹੈ।

ਸ੍ਰੀ ਦਸਮੇਸ਼ ਜੀ ਦੀ ਇਸ ਪਵਿੱਤ੍ਰ ਸ੍ਰੀ ਸਾਹਿਬ ਅਥਵਾ ਤਲਵਾਰ ਬਾਰੇ ਤੇ ਹੋਰ ਪਵਿੱਤ੍ਰ ਸ਼ਸਤ੍ਰਾਂ-ਅਸਤ੍ਰਾਂ ਦੇ ਸੰਬੰਧ ਵਿੱਚ, ਜੋ ਗੁਰੂ ਸਾਹਿਬ ਦੀ ਕਲਗੀ ਸਮੇਤ ਸੰਨ ੧੮੪੯ ਈ: ਵਿੱਚ ਪੰਜਾਬ ਉੱਤੇ ਅੰਗਰੇਜ਼ੀ ਕਬਜ਼ਾ ਹੋਣ ਸਮੇਂ ਲਾਹੌਰ ਦੇ ਤੋਸ਼ੇ ਖਾਨਿਓਂ ਜ਼ਬਤ ਕੀਤੇ ਗਏ ਸਨ, ਮੈਂ ਸੰਨ ੧੯੪੫ ਈ: ਦੇ ਮਹੀਨਾ ਜੂਨ ਵਿੱਚ ਰੋਜ਼ਾਨਾ ਅਕਾਲੀ ਤੇ ਅਜੀਤ (ਲਾਹੌਰ) ਵਿੱਚ ਗਵਰਨਮੈਂਟ ਪੰਜਾਬ ਦੇ ਰਿਕਾਰਡਾਂ ਦੇ ਹਵਾਲੇ ਦੇ ਕੇ ਲੇਖ ਲਿਖੇ ਸਨ ਤੇ ਇਨ੍ਹਾਂ ਸ਼ਸਤ੍ਰਾਂ ਦੀ ਵਾਪਸੀ ਦੀ ਮੰਗ ਵੀ ਸਰਕਾਰ ਪਾਸੋਂ ਕੀਤੀ ਗਈ ਸੀ, ਪਰ ਅਫਸੋਸ ਕਿ ਕੁਲ ੧੦ ਸ਼ਸਤ੍ਰ-ਅਸਤ੍ਰਾਂ ਵਿਚੋਂ ਏਨੀਆਂ ਕੋਸ਼ਿਸ਼ਾਂ ਦੇ ਬਾਵਜੂਦ ਅਜੇ ਤੱਕ ਮਸਾਂ ੬ ਸ਼ਸਤ੍ਰ-ਅਸਤ੍ਰ ਹੀ ਵਾਪਸ ਮੁੜੇ ਹਨ ਤੇ ਗੁਰੂ ਜੀ ਦੀ ਕਲਗੀ ਸਮੇਤ ਬਾਕੀ ਚਾਰ ਸ਼ਸਤ੍ਰ-ਅਸਤ੍ਰ ਅਜੇ ਵਿਲਾਇਤ ਹੀ ਸਰਕਾਰ ਬਰਤਾਨੀਆਂ ਜਾਂ ਉਨ੍ਹਾਂ ਦੇ ਕਰਮਚਾਰੀਆਂ ਦੇ ਕਬਜ਼ੇ ਵਿੱਚ ਹਨ। ਜੇ ਗੁਰੂ ਪੰਥ ਦੇ ਯਤਨਾਂ ਨਾਲ ਉਹ ਵੀ ਸਾਨੂੰ ਵਾਪਿਸ ਮਿਲ ਜਾਣ ਤਾਂ ਮੈਂ ਆਪਣੀ ਇਹ ਮਿਹਨਤ ਸਫਲ ਹੋਈ ਸਮਝਾਂਗਾ।

## ੩

# ਸ੍ਰੀ ਦਸਮੇਸ਼ ਦੇ ਸ਼ਸਤ੍ਰ-ਅਸਤ੍ਰਾਂ ਦੀ ਪ੍ਰਾਪਤੀ ਦਾ ਦਿਲਚਸਪ ਪਿਛੋਕੜ

ਸ੍ਰੀ ਗੁਰੂ ਗੋਬਿੰਦ ਜੀ ਦੇ ਸ਼ਸਤ੍ਰ-ਅਸਤ੍ਰ, ਜੋ ੧੧੭ ਸਾਲਾਂ ਤੋਂ ਬਾਅਦ ਸੰਨ ੧੯੬੫ ਵਿੱਚ ਸਾਨੂੰ ਵਿਲਾਇਤੋਂ ਵਾਪਸ ਮਿਲੇ ਸਨ, ਇਸ ਸਮੇਂ ਜਨਤਕ ਪ੍ਰਦਰਸ਼ਨੀ ਦਾ ਮੁੱਖ ਅੰਗ ਹੋਣ ਕਰਕੇ ਚੂੰਕਿ ਪੰਜਾਬ ਨਿਵਾਸੀਆਂ ਦੀ ਦਿਲਚਸਪੀ ਦਾ ਇਕ ਖਾਸ ਕਾਰਣ ਹਨ, ਇਸ ਲਈ ਇਨ੍ਹਾਂ ਬਾਰੇ ਕਈ ਉੱਘੇ ਵਿਅਕਤੀਆਂ ਦੇ ਕੁਝ ਇਤਿਹਾਸਕ ਪਿਛੋਕੜ ਜਾਣਨ ਦਾ ਯਤਨ ਕੀਤਾ ਹੈ ਤੇ ਸਮਕਾਲੀ ਸਪੋਕਸਮੈਨ ਵੀਕਲੀ (ਦਿੱਲੀ), ਰੋਜ਼ਾਨਾ ਰਣਜੀਤ, ਪਟਿਆਲਾ ਤੇ ਪੰਜਾਬੀ ਹਫਤਾਵਾਰ 'ਗ਼ੈਰਤ' ਪਟਿਆਲਾ ਦੇ ਹਵਾਲੇ ਦੇ ਕੇ ਪੁੱਛਿਆ ਵੀ ਗਿਆ ਹੈ ਕਿ ਇਹਨਾਂ ਸ਼ਸਤ੍ਰ-ਅਸਤ੍ਰਾਂ ਦੀ ਪ੍ਰਾਪਤੀ ਦਾ ਕ੍ਰੈਡਿਟ ਅਥਵਾ ਮਾਣ ਕਿਸ ਨੂੰ ਦਿੱਤਾ ਜਾਵੇ, ਕਿਉਂ ੨੧ ਫ਼ਰਵਰੀ ਦੇ ਸਪੋਕਸਮੈਨ ਵੀਕਲੀ ਦੇ ਸਫਾ ੪ 'ਪਰ ਪੰਜਾਬ ਦੇ ਸਾਬਕ ਸਿੱਖਿਆ ਮੰਤ੍ਰੀ ਪੰਡਿਤ ਅਮਰ ਨਾਥ ਵਿਦਿਆਲੰਕਾਰ ਨੇ *Story of the Sacred Relics* ਨਾਂ ਦੇ ਸਿਰਲੇਖ ਹੇਠ ਲਿਖਿਆ ਵੀ ਹੈ:

"The credit largely goes to Sardar Nahar Singh M.A., unearthed a lot of information about the sacred relics and pressed us to demand their return to India."

ਅਰਥਾਤ-ਇਨ੍ਹਾਂ ਸ਼ਸਤ੍ਰਾਂ ਦੇ ਪ੍ਰਾਪਤ ਕਰਨ ਦਾ ਵਧੇਰੇ ਕ੍ਰੈਡਿਟ ਸਰਦਾਰ ਨਾਹਰ ਸਿੰਘ ਐਮ.ਏ. ਨੂੰ ਦੇਣਾ ਯੋਗ ਹੈ, ਜਿਨ੍ਹਾਂ ਨੇ ਪਿਛਲੇ ਸਾਲ ੨੭ ਦਸੰਬਰ ਸੰਨ ੧੯੬੪ ਈ: ਨੂੰ ਇਨ੍ਹਾਂ ਪਵਿੱਤ੍ਰ ਸ਼ਸਤ੍ਰਾਂ ਬਾਰੇ ਕਾਫ਼ੀ ਖੋਜ ਕੀਤੀ ਤੇ ਇਹਨਾਂ ਦੇ ਭਾਰਤ ਵਾਪਸ ਲਿਆਉਣ ਲਈ ਸਾਡੇ ਉੱਤੇ ਜ਼ੋਰ ਪਾਇਆ।

ਪੰਡਿਤ ਅਮਰ ਨਾਥ ਜੀ ਵਿਦਿਆਲੰਕਾਰ ਦਾ ਇਹ ਕਥਨ ਕਿਥੋਂ ਤਕ ਸਹੀ ਹੈ ਕਿਉਂਕਿ ਇਸ ਸੰਬੰਧ ਵਿੱਚ ੨੭ ਦਸੰਬਰ, ੧੯੬੪ ਨੂੰ ਸਰਦਾਰ ਨਾਹਰ ਸਿੰਘ ਹੋਰਾਂ ਇਕ ਅੰਗਰੇਜ਼ੀ ਬੁਕਲੈੱਟ, ਜਿਸ ਦਾ ਨਾਂ Documents relating to Sacred Swords of Guru Gobind Singh in England ਦਿੱਲੀ 'ਚ ਛਾਪੀ ਤੇ ਤਕਸੀਮ ਕੀਤੀ ਸੀ, ਜਿਸ ਵਿੱਚ ਇਨ੍ਹਾਂ ਸ਼ਸਤ੍ਰਾਂ ਬਾਰੇ ਸਰਕਾਰ ਅੰਗਰੇਜ਼ੀ ਦੇ ਸੰਨ ੧੮੪੮-੫੪ ਈ: ਦੇ ਲੱਗ-ਭਗ ਉਹ ਸਾਰੇ ਹੀ ਖਤ-ਪੱਤਰ, ਜੋ ਪੰਜਾਬ ਉੱਤੇ ਅੰਗਰੇਜ਼ੀ ਕਬਜ਼ਾ ਹੋਣ ਸਮੇਂ ਇਨ੍ਹਾਂ ਸ਼ਸਤ੍ਰਾਂ ਦੇ ਲਾਹੌਰੋਂ ਜਾਂ ਪੰਜਾਬ ਤੋਂ ਹਿੰਦੁਸਤਾਨ

ਦੇ ਰਸਤੇ ਵਿਲਾਇਤ ਭੇਜਣ ਬਾਰੇ ਪਹਿਲਾਂ ਮੈਂ ਲੱਭੇ ਸਨ, ਹੂਬਹੂ ਉਹੋ ਨਕਲ ਕਰਕੇ ਛਾਪੇ ਸਨ, ਜੋ ਤਹਿਕੀਕ ਦੇ ਨੁਕਤਾ-ਨਿਗਾਹ ਤੋਂ ਏਥੇ ਜ਼ਰਾ ਦੇਖਣ ਤੇ ਵਿਚਾਰਨ ਯੋਗ ਹਨ। ਜਿਵੇਂ ਮੈਂ ੬ ਫ਼ਰਵਰੀ ੧੯੬੬ ਨੂੰ ਰੋਜ਼ਾਨਾ ਅਕਾਲੀ ਪਤ੍ਰਿਕਾ (ਜਲੰਧਰ) ਤੇ ਸ: ਮਾਨਵਿੰਦਰ ਸਿੰਘ ਹੋਰਾਂ ੨੮ ਫਰਵਰੀ ਦੇ ਰੋਜ਼ਾਨਾ ਅਜੀਤ ਜਲੰਧਰ ਵਿੱਚ ਲਿਖਿਆ ਹੈ, ਇਹਨਾਂ ਸ਼ਸਤ੍ਰਾਂ ਬਾਰੇ ਸਾਰੀ ਦੀ ਸਾਰੀ ਖੋਜ ੧੯੪੩-੪੪ ਈ: ਵਿੱਚ ਕੀਤੀ ਸੀ, ਜਦੋਂ ਮੈਂ ਪ੍ਰਿੰਸੀਪਲ ਨਿਰੰਜਨ ਸਿੰਘ ਜੀ ਦੇ ਸਹਿਯੋਗ ਨਾਲ ਸਿੱਖ ਨੈਸ਼ਨਲ ਕਾਲਜ ਲਾਹੌਰ ਵਿਚ ਬਤੌਰ ਸਿੱਖ ਹਿਸਟਰੀ ਰੀਸਰਚ ਸਕਾਲਰ ਨਿਯੁਕਤ ਹੋਣ 'ਤੇ ਪੰਜਾਬ ਗਵਰਨਮੈਂਟ ਦੇ ਸਿੱਖ-ਰਾਜ ਸੰਬੰਧੀ ਕਾਨਫੀਡੈਂਸ਼ਲ ਰਿਕਾਰਡਾਂ (ਗੁਪਤ ਕਾਗਜ਼-ਪੱਤਰਾਂ) ਦੀ ਫੋਲਾ-ਫਾਲੀ ਕਰਕੇ ਸਾਰੀ ਜਾਣਕਾਰੀ ਪ੍ਰਾਪਤ ਕਰ ਲਈ ਸੀ, ਪਰ ਨੁਕਸ ਉਸ ਸਮੇਂ ਇਸ ਗੱਲ ਦਾ ਪਿਆ ਕਿ ਮੈਂ ਇਹਨਾਂ ਸ਼ਸਤ੍ਰਾਂ ਦੀ ਵਾਕਫੀਅਤ ਦੇ ਨਾਲ ਹੀ ਕੂਕਾ ਲਹਿਰ ਬਾਰੇ ਕੁਝ ਰਿਕਾਰਡ ਵੀ, ਜੋ ਉਸ ਸਮੇਂ ਇਕ ਸ਼ੋ ਕੇਸ ਵਿੱਚ ਰੱਖੇ ਹੋਏ ਸਨ, ਨਕਲ ਕਰ ਲਏ ਜਿਸ ਕਰਕੇ ਪੰਜਾਬ ਸਰਕਾਰ ਦੇ ਅਸਿਸਟੈਂਟ ਰੀਕਾਰਡ ਕੀਪਰ ਮੀਆਂ ਸਾਦੁੱਲਾ ਐਮ.ਏ. ਨੇ ਇਹ ਸਾਰੇ ਰੀਕਾਰਡ ਮੇਰੇ ਹੱਥੋਂ ਖੋਹ ਲਏ ਤੇ ਲਾਰਡ ਡਲਹੌਜ਼ੀ ਦੀ ਇਕ ਚਿੱਠੀ ਦੇ ਹਵਾਲੇ ਨਾਲ, ਜਿਸ ਵਿੱਚ ਕਲਗੀ ਸਮੇਤ ਇਹਨਾਂ ਸ਼ਸਤ੍ਰਾਂ ਬਾਰੇ ਲਿਖਿਆ ਸੀ ਕਿ ਜੇ ਇਹ ਸ਼ਸਤ੍ਰ ਸਿੱਖਾਂ ਨੂੰ ਦਿੱਤੇ ਜਾਣ ਤਾਂ ਸਿੱਖਾਂ ਵਿੱਚ ਜੋਸ਼ ਫੈਲਣ ਤੇ ਸਿੱਖ ਰਾਜ ਮੁੜ ਨਵੇਂ ਸਿਰਿਓਂ ਕਾਇਮ ਹੋ ਜਾਏਗਾ ਤੇ ਕੁਝ ਕੂਕਿਆਂ ਦੇ ਰੀਕਾਰਡਾਂ ਦਾ ਹਵਾਲਾ ਦੇ ਕੇ ਉੱਪਰ ਸਰਕਾਰ ਪਾਸ ਮੇਰੇ ਵਿਰੁੱਧ ਸ਼ਿਕਾਇਤ ਕਰ ਦਿੱਤੀ, ਜਿਸ ਦਾ ਨਤੀਜਾ ਇਹ ਹੋਇਆ ਕਿ ਪੰਜਾਬ ਦੀ ਪੁਲਿਸ ਨੇ ਮੇਰੇ ਪਿੰਡ ਗੁਆਰਾ ਰਿਆਸਤ ਪਟਿਆਲਾ (ਹੁਣ ਜ਼ਿਲ੍ਹਾ ਸੰਗਰੂਰ) ਤਕ ਮੇਰਾ ਪਿੱਛਾ ਕੀਤਾ ਤੇ ਇਸ ਹਾਲਤ ਵਿੱਚ ਕਰੀਬ ਹੀ ਸੀ ਕਿ ਮੈਂ ਗ੍ਰਿਫ਼ਤਾਰ ਹੋ ਜਾਂਦਾ, ਪਰ ਡਾਕਟਰ ਗੁਲਸ਼ਨ ਲਾਲ ਚੋਪੜਾ ਨੇ, ਜੋ ਉਸ ਸਮੇਂ ਗਵਰਨਮੈਂਟ ਕਾਲਜ ਲਾਹੌਰ ਦੇ ਹਿਸਟਰੀ ਦੇ ਪ੍ਰੋਫੈਸਰ ਤੇ ਪੰਜਾਬ ਸਰਕਾਰ ਦੇ ਪ੍ਰਮੁੱਖ ਰਿਕਾਰਡ ਕੀਪਰ ਸਨ, ਮੇਰੀ ਇਹ ਬਿਪਤਾ ਆਪਣੀ ਕਲਮ ਦੀ ਇਕੋ ਨੋਕ ਨਾਲ ਕੱਟ ਦਿੱਤੀ, ਜਿਸ ਕਰਕੇ ਕੂਕਾ ਲਹਿਰ ਦੇ ਰੀਕਾਰਡਾਂ ਤੋਂ ਬਗੈਰ ਬਾਕੀ ਸਾਰੇ ਰੀਕਾਰਡ ਜਿਨ੍ਹਾਂ ਵਿੱਚ ਸ੍ਰੀ ਦਸਮੇਸ਼ ਜੀ ਦੇ ਸ਼ਸਤ੍ਰ-ਅਸਤ੍ਰ ਤੇ ਗੁਰੂ ਜੀ ਦੀ ਕਲਗੀ ਬਾਰੇ ਵੀ ਰਿਕਾਰਡ ਸ਼ਾਮਲ ਸਨ, ਮੈਨੂੰ ਵਾਪਸ ਮਿਲ ਗਏ। ਇਹਨਾਂ ਰਿਕਾਰਡਾਂ ਦੀ ਪ੍ਰਾਪਤੀ ਲਈ ਪ੍ਰਿੰਸੀਪਲ ਨਿਰੰਜਨ ਸਿੰਘ ਜੀ ਤੇ ਪ੍ਰੋਫੈਸਰ ਰਾਜਿੰਦਰ ਸਿੰਘ ਜੀ ਐਮ.ਏ. (ਹਿਸਟਰੀ) ਸਿੱਖ ਨੈਸ਼ਨਲ ਕਾਲਜ ਲਾਹੌਰ ਨੂੰ ਲਗਾਤਾਰ ਦੋ-ਤਿੰਨ ਵੇਰ ਮੇਰੇ ਨਾਲ ਪੰਜਾਬ ਸਰਕਾਰ ਦੇ ਸਿਵਿਲ ਸੈਕ੍ਰੇਟਰੀਏਟ ਵਿੱਚ ਜਾਣਾ ਪਿਆ। ਜੇ ਉਸ ਸਮੇਂ ਪ੍ਰਿੰਸੀਪਲ ਨਿਰੰਜਨ ਸਿੰਘ ਪ੍ਰੋ: ਰਾਜਿੰਦਰ ਸਿੰਘ ਤੇ ਡਾਕਟਰ ਗੁਲਸ਼ਨ ਲਾਲ ਚੋਪੜਾ ਦਾ ਸਹਿਯੋਗ ਮੈਨੂੰ ਪ੍ਰਾਪਤ ਨਾ ਹੁੰਦਾ ਤਾਂ ਇਹ ਰੀਕਾਰਡ ਵਾਪਸ ਮਿਲਣ

ਦੀ ਆਸ ਉੱਕੀ ਹੀ ਨਹੀਂ ਸੀ ਤੇ ਮੈਂ ਵੀ ਗ੍ਰਿਫ਼ਤਾਰ ਹੋਣੋਂ ਬਚ ਨਹੀਂ ਸੀ ਸਕਦਾ।

ਇਹ ਰੀਕਾਰਡ ਮਿਲਣ ਸਾਰ ਹੀ ਮੈਂ ਪ੍ਰਿੰਸੀਪਲ ਨਿਰੰਜਨ ਸਿੰਘ ਜੀ ਦੀ ਪ੍ਰੇਰਨਾ ਨਾਲ ਇਹਨਾਂ ਸ਼ਸਤ੍ਰਾਂ ਬਾਰੇ ਦੋ ਲੇਖ ਪੰਜਾਬੀ ਤੇ ਉਰਦੂ ਵਿਚ ਲਿਖੇ, ਜੋ ੧੩ ਜੂਨ, ੧੯੪੫ ਈ: ਦੇ ਰੋਜ਼ਾਨਾ ਅਕਾਲੀ (ਲਾਹੌਰ) ਤੇ ਰੋਜ਼ਾਨਾ ਅਜੀਤ ਉਰਦੂ (ਲਾਹੌਰ) ਵਿੱਚ ਛਪੇ ਤੇ ਪਿੱਛੋਂ ਉਹੋ ਲੇਖ ਪਟਿਆਲਾ ਸਮਾਚਾਰ ਪਟਿਆਲਾ ਵਿੱਚ ਵੀ ਛਪੇ ਤੇ ਇਸ ਦੇ ਨਾਲ ਹੀ ਰੋਜ਼ਾਨਾ ਅਕਾਲੀ ਲਾਹੌਰ ਵਲੋਂ ਸਰਕਾਰ ਅੰਗਰੇਜ਼ੀ ਪਾਸੋਂ ਗੁਰੂ ਦਸਮੇਸ਼ ਦੀ ਕਲਗੀ ਸਮੇਤ ਇਨ੍ਹਾਂ ਸ਼ਸਤ੍ਰਾਂ ਦੀ ਵਾਪਸੀ ਦੀ ਮੰਗ ਵੀ ਕੀਤੀ ਗਈ। ਇਹ ਵਾਪਸੀ ਦੀ ਮੰਗ ਕਿਵੇਂ ਕੀਤੀ ਗਈ, ਇਸ ਬਾਰੇ ਗਿਆਨੀ ਉੱਤਮ ਸਿੰਘ ਜੀ ਐਡੀਟਰ ਰੋਜ਼ਾਨਾ ਅਕਾਲੀ (ਲਾਹੌਰ) ਦਾ ੧੪ ਜੂਨ, ੧੯੪੫ ਦਾ ਲੀਡਿੰਗ ਆਰਟੀਕਲ, ਜੋ ਮੇਰੇ ਕੋਲ ਸਬੂਤ ਵਜੋਂ ਮੌਜੂਦ ਹੈ, ਦੇਖਣ ਯੋਗ ਹੈ।

ਉਸ ਆਰਟੀਕਲ ਵਿੱਚ ਗਿਆਨੀ ਉੱਤਮ ਸਿੰਘ ਜੀ (ਐਡੀਟਰ) ਮੇਰੇ ਹਵਾਲੇ ਨਾਲ ਇਸ ਤਰ੍ਹਾਂ ਲਿਖਦੇ ਹਨ:

> ***"ਅਕਾਲੀ (੧੩ ਜੂਨ ੧੯੪੫) ਦੇ ਸ਼ਹੀਦੀ ਨੰਬਰ ਵਿਚ "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤ੍ਰ-ਅਸਤ੍ਰ" ਦੇ ਸਿਰਲੇਖ ਹੇਠਾਂ ਸ: ਸ਼ਮਸ਼ੇਰ ਸਿੰਘ ਜੀ 'ਅਸ਼ੋਕ' ਸਿੱਖ ਹਿਸਟਰੀ ਰੀਸਰਚ ਸਕਾਲਰ ਸਿੱਖ ਨੈਸ਼ਨਲ ਕਾਲਜ (ਲਾਹੌਰ) ਵਲੋਂ ਇਕ ਲੇਖ ਪ੍ਰਕਾਸ਼ਿਤ ਹੋਇਆ ਹੈ। ਇਸ ਲੇਖ ਵਿੱਚ ਆਪ ਨੇ ਦੱਸਿਆ ਹੈ ਕਿ ਜਦੋਂ ਸੰਨ ੧੮੪੯ ਵਿੱਚ ਪੰਜਾਬ ਵਿੱਚ ਅੰਗਰੇਜ਼ੀ ਰਾਜ ਕਾਇਮ ਹੋਇਆ ਤਾਂ ਖ਼ਾਲਸਾ ਦਰਬਾਰ ਦੇ ਅਦੁੱਤੀ ਤੋਹਫ਼ੇ, ਜਿਨ੍ਹਾਂ ਵਿੱਚ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਲਗੀ ਤੇ ਉਨ੍ਹਾਂ ਦੇ ਕੁਝ ਸ਼ਸਤ੍ਰ-ਅਸਤ੍ਰ ਵੀ, ਜੋ ਮਹਾਰਾਜਾ ਰਣਜੀਤ ਸਿੰਘ ਜੀ ਦੇ ਇਕੱਤ੍ਰ ਕੀਤੇ ਹੋਏ ਸਨ, ਅੰਗਰੇਜ਼ਾਂ ਦੇ ਹੱਥ ਆਏ। ਆਪ ਨੇ ਇਹ ਗੱਲ ਐਵੇਂ ਲਿਖੀ ਜਾਂ ਐਵੇਂ ਨਹੀਂ ਆਖੀ, ਬਲਕਿ ਪ੍ਰਮਾਣਿਕ ਇਤਿਹਾਸਕ ਹਵਾਲਿਆਂ ਨਾਲ ਸਿੱਧ ਕੀਤਾ ਤੇ ਫ਼ਹਿਰਿਸਤ ਵੀ ਦਿੱਤੀ ਹੈ।"***

- ਫੇਰ ਇਸੇ ਤਰ੍ਹਾਂ ਗਿਆਨੀ ਉੱਤਮ ਸਿੰਘ ਜੀ ਅੱਗੇ ਜਾ ਕੇ ਲਿਖਦੇ ਹਨ:

> ***"(ਹੁਣ) ਜੇ ਅੰਗਰੇਜ਼ ਕਿਸੇ ਨਾ ਕਿਸੇ ਸ਼ਕਲ ਵਿੱਚ ਹਿੰਦੁਸਤਾਨ ਦੀ ਹਕੂਮਤ ਦੇਸ਼-ਵਾਸੀਆਂ ਦੇ ਹਵਾਲੇ ਕਰਨ ਲਈ ਤਿਆਰ ਹੋ ਰਿਹਾ ਹੈ ਤਾਂ ਉਸ ਨੂੰ ਉਹ ਸਾਰੀਆਂ ਇਤਿਹਾਸਕ ਚੀਜ਼ਾਂ, ਪੁਸਤਕਾਂ (ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੇ ਪੁਸਤਕਾਲੇ ਦੀਆਂ ਦੁਰਲੱਭ ਹੱਥ ਲਿਖਿਤ ਪੁਸਤਕਾਂ, ਜਿਨ੍ਹਾਂ ਦਾ ਜ਼ਿਕਰ ਅੱਗੇ ਆਵੇਗਾ), ਹਥਿਆਰ ਤੇ ਸ੍ਰੀ ਕਲਗੀਧਰ ਜੀ ਦੀ ਕਲਗੀ ਵੀ ਵਾਪਸ ਕਰ ਦੇਣੀ ਚਾਹੀਦੀ ਹੈ।***

*ਅੰਗਰੇਜ਼ਾਂ ਲਈ ਇਹ ਚੀਜ਼ਾਂ ਜੇਤੂ ਹੋਣ ਦੀ ਸੂਰਤ ਵਿਚ ਸਾਧਾਰਣ ਰਾਜਸੀ ਮਹਾਨਤਾ ਰੱਖਦੀਆਂ ਹੋਣਗੀਆਂ, ਪਰ ਸਿੱਖਾਂ ਇਹ ਜੀਵਨ-ਦਾਤੀਆਂ ਹਨ।*

*ਜਿਸ ਵੇਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਲਗੀ ਤੇ ਉਨ੍ਹਾਂ ਦੀਆਂ ਹੋਰ ਨਿਸ਼ਾਨੀਆਂ ਸਿੱਖਾਂ ਦੇ ਸਾਹਮਣੇ ਤਾਂ ਯਕੀਨਨ ਉਨ੍ਹਾਂ ਵਿੱਚ, ਜੀਵਨ ਤੇ ਤਾਕਤ ਭਰਨਗੀਆਂ। ਇਸ ਲਈ ਲੋੜ ਹੈ ਕਿ ਸਮੁੱਚਾ ਪੰਥ, ਪ੍ਰੈਸ ਤੇ ਪਲੇਟ ਫਾਰਮ ਦੁਆਰਾ ਇਕ ਜਾਨ ਤੇ ਇਕ ਜ਼ਬਾਨ ਹੋ ਕੇ, ਇਨ੍ਹਾਂ ਚੀਜ਼ਾਂ ਦੀ ਮੰਗ ਕਰੇ ਤੇ ਇਨ੍ਹਾਂ ਦੀ ਪ੍ਰਾਪਤੀ ਦੀ ਕੋਈ ਸਬੀਲ ਪੈਦਾ ਕਰੇ।"*

ਸ੍ਰੀ ਦਸਮੇਸ਼ ਜੀ ਦੇ ਇਨ੍ਹਾਂ ਸ਼ਸਤ੍ਰਾਂ ਦੀ ਮੰਗ ਤਾਂ ਇਸ ਤਰ੍ਹਾਂ ਬੇਸ਼ੱਕ ਉਸ ਸਮੇਂ ਕੀਤੀ ਗਈ, ਪਰ ਇਨ੍ਹਾਂ ਦੇ ਵਾਪਸ ਮਿਲਣ ਦੀ ਉੱਕੀ ਹੀ ਆਸ ਨਹੀਂ ਸੀ, ਪਰ ਫੇਰ ਵੀ ਗਿਆਨੀ ਉੱਤਮ ਸਿੰਘ ਜੀ ਕਹਿੰਦੇ ਸਨ ਕਿ ਸਾਡਾ ਫਰਜ਼ ਹੈ ਤੇ ਇਹ ਸ਼ਸਤ੍ਰ ਸਿੱਖਾਂ ਦੀ ਸਾਂਝੀ ਵਿਰਾਸਤ ਹਨ, ਇਸ ਲਈ ਸਾਨੂੰ ਹਰ ਹਾਲਤ ਵਿੱਚ ਇਸ ਵਿਰਾਸਤ ਦੀ ਵਾਪਸੀ ਦੀ ਮੰਗ ਸਰਕਾਰ ਪਾਸੋਂ ਆਪਣੇ ਹੋਰ ਹੱਕਾਂ ਵਾਂਗ ਹੀ ਕਰਨੀ ਉਚਿਤ ਹੈ ਤੇ ਇਸ ਬਾਰੇ ਚੁੱਪ ਰਹਿਣਾ ਉੱਕਾ ਹੀ ਠੀਕ ਨਹੀਂ ਹੈ।

ਗਿਆਨੀ ਉੱਤਮ ਸਿੰਘ ਹੋਰਾਂ ਦੀ ਇਹ ਰਾਇ ਮੈਨੂੰ ਬੜੀ ਚੰਗੀ ਲੱਗੀ ਤੇ ਇਸੇ ਕਾਰਣ ਇਕ ਦੋ ਵੇਰ ਗੁਰੂ ਜੀ ਦੇ ਇਹਨਾਂ ਸ਼ਸਤ੍ਰਾਂ ਦੀ ਮੰਗ ਗਵਰਨਮੈਂਟ ਪਾਸ ਪੰਜਾਬ ਦੇ ਵਟਵਾਰੇ ਤੋਂ ਪਹਿਲਾਂ ਫੇਰ ਵੀ ਰੋਜ਼ਾਨਾ ਅਕਾਲੀ ਪਤ੍ਰਿਕਾ ਰਾਹੀਂ ਦੁਹਰਾਈ ਗਈ।

ਸੰਨ ੧੯੫੧ ਵਿੱਚ ਮੈਂ ਫੇਰ ਆਪਣਾ ਉਹੋ ਲੇਖ, ਜੋ ੧੩ ਜੂਨ ਅਕਾਲੀ ਤੇ ਰੋਜ਼ਾਨਾ ਅਜੀਤ (ਲਾਹੌਰ) ਵਿੱਚ ਛਪਿਆ ਸੀ, ਕੁਝ ਥਾਈਂ ਉਚਿਤ ਸੰਸ਼ੋਧਨ ਕਰਕੇ ਆਪਣੀ ਨਵੀਂ ਪੁਸਤਕ 'ਸਿੱਖ' ਤੇ ਸਿੱਖ ਇਤਿਹਾਸ ਵਿੱਚ ਪ੍ਰਕਾਸ਼ਤ ਕੀਤਾ। ਇਸ ਪੁਸਤਕ ਦੇ ਛਪਣ ਤੇ ਫੇਰ ਇਨ੍ਹਾਂ ਸ਼ਸਤ੍ਰਾਂ ਦੀ ਵਾਪਸੀ ਦੀ ਮੰਗ ਹੋਰ ਵੀ ਜ਼ੋਰ ਫੜ ਗਈ ਤੇ ਗਿਆਨੀ ਕਰਤਾਰ ਸਿੰਘ ਜੀ ਐਮ.ਐਲ.ਏ. ਨੇ (ਜੋ ਚੋਖਾ ਚਿਰ ਪੰਜਾਬ ਸਰਕਾਰ ਦੇ ਵਜ਼ੀਰ ਰਹਿ ਚੁੱਕੇ ਸਨ), ਬੜਾ ਯਤਨ ਕਰਕੇ ਮੇਰੀ ਇਸ ਪੁਸਤਕ ਦੇ ਹਵਾਲੇ ਨਾਲ ਇਹਨਾਂ ਸ਼ਸਤ੍ਰਾਂ ਦੀ ਵਾਪਸੀ ਦੀ ਮੰਗ ਇੰਡੀਅਨ ਯੂਨੀਅਨ ਦੇ ਪ੍ਰਧਾਨ ਡਾਕਟਰ ਰਾਜਿੰਦਰ ਪ੍ਰਸਾਦ, ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ, ਗ੍ਰਹਿ ਮੰਤਰੀ ਸਰਦਾਰ ਵੱਲਭ ਭਾਈ ਪਟੇਲ ਤੇ ਸਿੱਖਿਆ ਮੰਤਰੀ ਮੌਲਾਨਾ ਅਬੁਲ ਕਲਾਮ ਆਜ਼ਾਦ ਰਾਹੀਂ ਸਰਕਾਰ ਬਰਤਾਨੀਆ ਤਕ ਪਹੁੰਚਾਈ।

(ਰੋਜ਼ਾਨਾ ਅਕਾਲੀ ਪਤ੍ਰਿਕਾ, ੧੪ ਮਾਰਚ, ੧੯੬੬)

ਇਸ ਤੋਂ ਬਾਅਦ ਵਿੱਚ ਦੋ ਵਾਰ ਰੋਜ਼ਾਨਾ ਅਕਾਲੀ ਪਤ੍ਰਿਕਾ ਤੇ ਅਜੀਤ

(ਜਲੰਧਰ) ਵਿੱਚ ਇਸ ਬਾਰੇ ਨੋਟ ਵੀ ਲਿਖੇ ਗਏ। ਚੁਨਾਚਿ ਇਸ ਸੰਬੰਧ ਵਿੱਚ ਰੋਜ਼ਾਨਾ ਅਕਾਲੀ ਪਤ੍ਰਿਕਾ ਦੇ ੨੬ ਅਗਸਤ ੧੯੬੨ ਈ: ਦੇ ਸਫਾ ੨ ਕਾਲਮ ੬ ਦਾ 'ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਲਗੀ' ਦੇ ਸਿਰਲੇਖ ਹੇਠ ਇਕ ਨੋਟ, ਜੋ ਸਰਦਾਰ ਅਮਰ ਸਿੰਘ ਜੀ ਦੁਸਾਂਝ ਦੀ ਕਲਮ ਤੋਂ ਹੈ, ਇਸ ਬਾਰੇ ਖਾਸ ਤੌਰ 'ਤੇ ਦੇਖਣ ਯੋਗ ਹੈ।

ਇਸ ਤੋਂ ਬਾਅਦ ਇਸ ਸੰਬੰਧ ਵਿੱਚ ਮੇਰਾ ਇਕ ਹੋਰ ਲੇਖ 'ਸਿੱਖਾਂ' ਤੇ ਮੁਸਲਮਾਨਾਂ ਦੇ ਕੁਝ ਤਾਰੀਖੀ ਤਬਰੁੱਕਾਤ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਦੇ ਪੰਜਾਬੀ ਮਾਸਿਕ ਪੱਤਰ 'ਜਨ ਸਾਹਿਤ' ਦੇ ਜੂਨ ੧੯੬੪ ਦੇ ਅੰਕ ਵਿੱਚ ਸਫ਼ਾ ੯੯ ਤੋਂ ੧੦੬ ਤਕ ਛਪਿਆ ਤੇ ਫੇਰ ਇਹੋ ਲੇਖ ਇਸ ਤੋਂ ਪਿੱਛੋਂ ਰਸਾਲਾ 'ਗੁਰਮਤਿ ਪ੍ਰਕਾਸ਼' ਅੰਮ੍ਰਿਤਸਰ ਤੇ ਹੋਰ ਪੰਜਾਬੀ ਦੇ ਰਸਾਲਿਆਂ ਵਿੱਚ ਵੀ ਛਾਪਿਆ ਗਿਆ।

ਇਸ ਲੇਖ ਵਿੱਚ ਕਲਗੀ ਸਮੇਤ ਗੁਰੂ ਜੀ ਦੇ ਇਹਨਾਂ ਸ਼ਸਤ੍ਰ-ਅਸਤ੍ਰਾਂ ਦਾ ਪੂਰਾ-ਪੂਰਾ ਵੇਰਵਾ ੧੩ ਜੂਨ ੧੯੪੫ ਦੇ ਰੋਜ਼ਾਨਾ ਅਕਾਲੀ (ਲਾਹੌਰ) ਦੇ ਆਧਾਰ 'ਤੇ ਹੀ ਦਿੱਤਾ ਗਿਆ ਸੀ, ਇਸ ਲਈ ਇਹਨਾਂ ਸ਼ਸਤ੍ਰਾਂ ਦੀ ਵਾਪਸੀ ਦੀ ਮੰਗ ਤੇਜ਼ ਹੋਣੀ ਇਕ ਕੁਦਰਤੀ ਗੱਲ ਸੀ, ਜਿਸ ਦਾ ਅੱਗੇ ਦਿੱਤੀਆਂ ਦੋ ਲਿਖਤਾਂ ਤੋਂ ਪਤਾ ਲੱਗਦਾ ਹੈ। ਇਕ ਤਾਂ ਇਹ ਕਿ ਜਦ ਅਰੰਭ ਜੂਨ ੧੯੬੪ ਵਿੱਚ ਮੇਰਾ ਇਹ ਲੇਖ ਪਟਿਆਲਾ ਦੇ ਜਨ-ਸਾਹਿਤ ਵਿੱਚ ਛਪਿਆ ਤੇ ਫੇਰ ਇਸ ਤੋਂ ਬਾਅਦ ੧੩ ਜੂਨ ੧੯੬੪ ਨੂੰ ਦਿੱਲੀ ਦੇ ਪ੍ਰਸਿੱਧ ਪੱਤਰਕਾਰ ਸ: ਲਾਭ ਸਿੰਘ ਜੀ ਨਾਰੰਗ ਮਾਲਿਕ ਫ਼ਤਹਿ-ਪ੍ਰੀਤਮ ਹਵਾਈ ਜਹਾਜ਼ ਰਾਹੀਂ ਇੰਗਲੈਂਡ ਨੂੰ ਰਵਾਨਾ ਹੋ ਗਏ ਤੇ ਉਹਨਾਂ ਦੇ ਪੁੱਤਰ ਸ੍ਰ: ਮੋਹਨਿੰਦਰ ਸਿੰਘ ਨਾਰੰਗ ਨੇ ਮੈਨੂੰ ਆਪਣੇ ੧੭ ਜੂਨ, ੧੯੬੪ ਦੇ ਪਤ੍ਰ ਰਾਹੀਂ ਇਹਨਾਂ ਸ਼ਬਦਾਂ ਵਿੱਚ ਸੂਚਨਾ ਦਿੱਤੀ:

My dear Ashok Sahib ji, Sat Sri Akal.....for your kind information Narang Sahib (S. Labh Singh) has since left by air on 13th instant for U.K. on a special mission for the purpose of carrying on negotiations with the British Government for the restoration of 'KALGHI' of Shri Guru Gobind Singh Ji Maharaj, back to the Sikhs which they had taken from the young Maharaja Dalip Singh, son of Maharaja Ranjit Singh and which is reported to be lying presently in the National Museum of London. Narang Sahib intends to spend some 2/3 months in U.K. and the Continent.

ਜਿਸ ਤਰ੍ਹਾਂ ਸ੍ਰ: ਲਾਭ ਸਿੰਘ ਨਾਰੰਗ ਹੋਰਾਂ ਬਿਨਾਂ ਸਰਕਾਰ ਪੰਜਾਬ ਦੇ ਰੀਕਾਰਡ ਦੇਖੇ ਤੇ ਖੁਰਾ ਨੱਪੇ ਹੀ ਸਿਰਫ਼ ਮੇਰਾ ਲੇਖ ਸਰਸਰੀ ਤੌਰ 'ਤੇ ਪੜ੍ਹ ਕੇ ਹੀ ਵਿਲਾਇਤ ਨੂੰ ਚਾਲੇ ਪਾ ਦਿੱਤੇ। ਇਸੇ ਤਰ੍ਹਾਂ ਪਟਿਆਲੇ ਦੇ ਇਕ ਗੁੰਮ ਨਾਮ ਜਿਹੇ ਹਰੀਜਨ ਸੱਜਣ ਨੇ, ਜਿਸ ਦਾ ਨਾਂ ਤਾਰਾ ਸਿੰਘ ਟਿੱਕਾ ਹੈ, ਮੁਫ਼ਤ ਦੀ ਵਾਹ-ਵਾ ਲੈਣ

ਲਈ ਸਪੱਤਾਹਿਕ ਗੈਰ, ਪਟਿਆਲਾ (੨੧ ਜਨਵਰੀ, ੧੯੬੬ ਈ: ਸਫ਼ਾ ੪) ਦੇ ਮੁਤਾਬਿਕ ਭਾਰਤ ਸਰਕਾਰ ਨੂੰ ਜੁਲਾਈ ੧੯੬੪ ਵਿੱਚ ਹੀ ਇਨ੍ਹਾਂ ਸ਼ਸਤ੍ਰਾਂ ਦੀ ਵਾਪਸੀ ਲਈ ਇਕ ਚਿੱਠੀ ਲਿਖ ਦਿੱਤੀ ਪਰ ਉਸ ਚਿੱਠੀ ਦਾ ਕੀ ਅਸਰ ਹੋਇਆ ਇਹ ਤਾਂ ਰੱਬ ਹੀ ਜਾਣੇ, ਪਰ ਦਿੱਲੀ ਦੇ ਪ੍ਰਸਿੱਧ ਅੰਗਰੇਜ਼ੀ ਹਫ਼ਤਾਵਾਰ ਸਪੋਕਸਮੈਨ (੧੦ ਜਨਵਰੀ, ੧੯੬੬) ਦੇ ਕਥਨ ਅਨੁਸਾਰ ਇਸ ਚਿੱਠੀ ਨੂੰ ਹੀ ਇਨ੍ਹਾਂ ਸ਼ਸਤ੍ਰਾਂ ਦੀ ਖੋਜ ਦਾ ਕ੍ਰੈਡਿਟ ਦਿੱਤਾ ਗਿਆ, ਹਾਲਾਂਕਿ ਇਨ੍ਹਾਂ ਬਾਰੇ ਪੂਰੀ-ਪੂਰੀ ਖੋਜ ਇਸ ਤੋਂ ੨੦ ਵਰ੍ਹੇ ਪਹਿਲਾਂ ਸਰਕਾਰ ਪੰਜਾਬ ਦੇ ਰੀਕਾਰਡਾਂ 'ਤੇ ਆਧਾਰ ਤੇ ਸੰਨ ੧੯੪੪-੪੫ ਵਿੱਚ ਹੀ ਹੋ ਚੁੱਕੀ ਸੀ ਤੇ ਉਹ ਖੋਜ ੧੩ ਜੂਨ ੧੯੪੫ ਈ: ਦੇ ਰੋਜ਼ਾਨਾ ਅਕਾਲੀ ਤੇ ਰੋਜ਼ਾਨਾ ਅਜੀਤ (ਲਾਹੌਰ) ਦੇ ਪਰਚਿਆਂ ਵਿੱਚ ਮੇਰੇ ਵਲੋਂ ਛਪ ਵੀ ਚੁੱਕੀ ਸੀ ਤੇ ਇਸ ਤੋਂ ਬਿਨਾਂ ਗਿਆਨੀ ਕਰਤਾਰ ਸਿੰਘ ਜੀ ਐਮ.ਐਲ.ਏ. (ਸਾਬਕ ਵਜ਼ੀਰ ਪੰਜਾਬ ਸਰਕਾਰ) ਦੇ ਯਤਨਾਂ ਨਾਲ ਇਨ੍ਹਾਂ ਸ਼ਸਤ੍ਰਾਂ ਦੀ ਵਾਪਸੀ ਦੀ ਮੰਗ ਵੀ ਦਿਨੋਂ-ਦਿਨ ਜ਼ੋਰ ਫੜਦੀ ਜਾ ਰਹੀ ਸੀ।

ਏਥੇ ਹੀ ਬਸ ਨਹੀਂ ਕੁਝ ਮਜ਼ਹਬੀ ਆਗੂਆਂ ਨੇ ਇਹ ਆਪਣੀ ਹੀ ਨਵੀਂ ਖੋਜ ਬਣਾ ਲਈ ਤਾਂਕਿ ਮਾਸਟਰ ਤਾਰਾ ਸਿੰਘ ਟਿੱਕਾ ਦੀ ਲਫਜ਼ੀ ਚਿੱਠੀ ਨੂੰ ਹੀ ਇਸ ਲੱਭਤ ਦਾ ਸੰਗਿ-ਬੁਨਿਆਦ ਮੰਨਿਆ ਜਾਵੇ ਜਿਸ ਕਰਕੇ ੧੮ ਫਰਵਰੀ ੧੯੬੬ ਦੇ ਅੰਗਰੇਜ਼ੀ ਅਖ਼ਬਾਰ ਟ੍ਰਿਬਿਊਨ ਦੇ ਸਫਾ ੩ 'ਪਰ ਪੰਜਾਬ ਨੈਸ਼ਨਲ ਮਜ਼ਹਬੀ ਸਿੱਖ ਯੂਨੀਅਨ ਤੇ ਆਲ ਇੰਡੀਆ ਬਾਬਾ ਜੀਵਨ ਸਿੰਘ ਮਜ਼ਹਬੀ ਦਲ ਅੰਮ੍ਰਿਤਸਰ ਵਲੋਂ ਸਤਿਆਗ੍ਰਹਿ ਦੀ ਧਮਕੀ ਦੇ ਕੇ ਜ਼ੋਰ ਪਾਇਆ ਗਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਹ ਪਵਿੱਤਰ ਸ਼ਸਤ੍ਰ ਜੋ ਵਿਲਾਇਤੋਂ ਵਾਪਸ ਆਏ ਹਨ, ਮਜ਼ਹਬੀ ਸਿੱਖਾਂ ਨਾਲ ਹੀ ਸੰਬੰਧ ਰੱਖਦੇ ਹਨ ਤੇ ਮਜ਼ਹਬੀ ਸਿੱਖਾਂ ਨੇ ਹੀ ਖੋਜ ਕੇ ਵਿਲਾਇਤੋਂ ਵਾਪਸ ਮੰਗਵਾਏ ਹਨ, ਇਸ ਲਈ ਮਜ਼ਹਬੀ ਸਿੱਖਾਂ ਨੂੰ ਹੀ ਇਹ ਦਿੱਤੇ ਜਾਣ। ਆਲ ਇੰਡੀਆ ਬਾਬਾ ਜੀਵਨ ਸਿੰਘ ਮਜ਼ਹਬੀ ਦਲ ਦੀ ਇਹ ਮੰਗ ਪੜ੍ਹ ਕੇ ਮੈਨੂੰ ਸੰਨ ੧੯੩੯ ਈ: ਦਾ ਲਾਹੌਰ ਦਾ ਇਕ ਹਸਾਉਣਾ ਵਾਕਿਆ ਚੇਤੇ ਆ ਗਿਆ ਜਦੋਂ ਉਥੇ ਕੁਝ ਮਜ਼ਹਬੀ ਸਿੱਖਾਂ ਨੇ ਉਥੋਂ ਦੇ ਅਜਾਇਬ ਘਰ ਦੇ ਸਾਹਮਣੇ ਪਾਰਕ ਵਿੱਚ ਪਈ ਭੰਗੀ ਸਿੱਖ ਸਰਦਾਰਾਂ ਦੀ ਤੋਪ ਹਾਸਲ ਕਰਨ ਲਈ ਉਸ ਨੂੰ ਆਪਣੀ (ਮਜ਼ਹਬੀ ਅਥਵਾ ਭੰਗੀਆਂ ਦੀ) ਤੋਪ ਕਹਿ ਕੇ ਸਤਿਆਗ੍ਰਹਿ ਕਰਨ ਦਾ ਇਕ ਫਜ਼ੂਲ ਜਿਹਾ ਯਤਨ ਕੀਤਾ ਸੀ। ਲਾਹੌਰ ਦੇ ਰੋਜ਼ਾਨਾ ਅੰਗਰੇਜ਼ੀ ਅਖ਼ਬਾਰ ਐਂਡ ਮਿਲਟਰੀ ਗਜ਼ਟ ਨੇ ਆਪਣੇ ੨੭ ਜੁਲਾਈ, ੧੯੩੯ ਈ: ਦੇ ਪਰਚੇ ਵਿੱਚ ਇਸ ਬਾਰੇ ਇਹ ਦਿਲਚਸਪੀ ਨੋਟ ਵੀ ਛਾਪਿਆ ਸੀ, ਜਿਵੇਂ:-

***Reserch has rested in bringing to light some very interesting facts about the old gun, which now finds a place on the mall, Opposite the***

***Meseum in Lahore and is known as the 'Zamzama' and also as 'King's gun'. Some sweepers in Lahore were misled by one of the other names of the gun, Bhangi Wala Ki Tope, into thinking that the gun had some connection with the Bhangis, (sweepers). As a matter of fact, the Bhangi, is the name of one of the twelve Misles or clans of the sikhs and is derived from Bhang or hemp, which the Misl probably much favoured.***

ਭੰਗੀਆਂ ਦੀ ਤੋਪ ਦੇ ਭੁਲੇਖੇ ਵਾਂਗ ਹੀ ਮਜ਼ਹਬੀ ਸਿੱਖਾਂ ਨੇ ਸ੍ਰੀ ਦਸਮੇਸ਼ ਜੀ ਦੇ ਇਤਿਹਾਸ ਵਿਚੋਂ ਭਾਈ ਸੰਗਤ ਸਿੰਘ ਦੇ ਨਾਂ ਨਾਲ ਬੰਗਸ ਸ਼ਬਦ ਦੇਖ ਕੇ ਜੇ ਉਸ ਨੂੰ ਭੰਗਸ਼ ਜਾਂ ਭੰਗੀ ਸਮਝ ਲਿਆ ਹੋਵੇ ਤਾਂ ਹੋਰ ਵੀ ਹਾਸੋਹੀਣੀ ਗੱਲ ਹੈ, ਕਿਉਂਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚਮਕੌਰ ਦੀ ਗੜ੍ਹੀ ਛੱਡਣ ਸਮੇਂ ਗਿਆਨੀ ਗਿਆਨ ਸਿੰਘ ਦੇ ਬਚਨ ਅਨੁਸਾਰ ਭਾਈ ਸੰਤ ਸਿੰਘ ਨੂੰ, ਜੋ ਗੁਰੂ ਜੀ ਦੀ ਆਪਣੀ ਸ਼ਕਲ ਦਾ ਸੀ, ਕਲਗੀ ਦੇ ਕੇ ਆਪਣੀ ਥਾਵੇਂ ਬੈਠਾਇਆ ਤੇ ਗੜ੍ਹੀ ਦੇ ਚੌਹਾਂ ਬੁਰਜਾਂ ਵਿੱਚ ਭਾਈ ਰਾਮ ਸਿੰਘ, ਕੇਹਰ ਸਿੰਘ, ਸੰਤੋਖ ਸਿੰਘ, ਜੀਵਨ ਸਿੰਘ ਮਜ਼ਹਬੀ ਤੇ ਕਾਠਾ ਸਿੰਘ ਰਮਦਾਸੀਏ ਨੂੰ ਬੰਦੂਕਾਂ ਚਲਾਉਣ ਦਾ ਹੁਕਮ ਦੇ ਕੇ ਆਪ ਇਕ ਬਾਰੀ ਦੇ ਰਸਤਿਓਂ ਗੜ੍ਹੀ ਤੋਂ ਬਾਹਰ ਨਿਕਲ ਗਏ ਸਨ। ਭਾਵੇਂ ਕਈ ਇਤਿਹਾਸਕਾਰਾਂ ਨੇ ਭਾਈ ਸੰਤ ਸਿੰਘ ਦੀ ਥਾਵੇਂ, ਭਾਈ ਸੰਗਤ ਸਿੰਘ ਬੰਗਸ ਨੂੰ ਗੁਰੂ ਜੀ ਵਲੋਂ ਜਿਗ੍ਹਾ ਕਲਗੀ ਦਿੱਤੇ ਜਾਣ ਦਾ ਜ਼ਿਕਰ ਵੀ ਕੀਤਾ ਹੈ, ਪਰ ਲੁਤਫ ਦੀ ਗੱਲ ਹੈ ਇਹ ਸੰਗਤ ਸਿੰਘ ਬੰਗਸ ਕੁਰਮ ਜਾਂ ਕੋਹਾਟ ਦੇ ਇਲਾਕੇ ਦਾ ਵਸਨੀਕ ਹੋਣ ਕਰਕੇ ਮਜ਼ਹਬੀ ਜਾਂ ਭੰਗੀ ਨਹੀਂ ਸੀ ਤੇ ਭਾਈ ਜੀਵਨ ਸਿੰਘ ਮਜ਼੍ਹਬੀ ਨੂੰ ਗੁਰੂ ਜੀ ਵਲੋਂ ਕਿਤੇ ਵੀ ਜਗ੍ਹਾ ਕਲਗੀ ਦੇਣ ਦਾ ਜ਼ਿਕਰ ਨਹੀਂ ਆਇਆ, ਫੇਰ ਇਹ ਕਲਪਨਾ ਕਿਵੇਂ ਸਹੀ ਮੰਨੀ ਜਾਵੇ ਕਿ ਗੁਰੂ ਜੀ ਨੇ ਕਲਗੀ ਸਮੇਤ ਇਹ ਸ਼ਸਤ੍ਰ ਮਜ਼ਹਬੀ ਸਿੱਖਾਂ ਨੂੰ ਦਿੱਤੇ ਸਨ।

ਇਸ ਤੋਂ ਬਿਨਾਂ ਕਲਗੀ ਸਮੇਤ ਇਹਨਾਂ ੯ ਸ਼ਸਤ੍ਰਾਂ ਬਾਰੇ ਮਹਾਰਾਜਾ ਰਣਜੀਤ ਸਿੰਘ ਤੇ ਉਨ੍ਹਾਂ ਦੇ ਜਾਂ-ਨਸ਼ੀਨਾਂ ਦੇ ਤੋਸ਼ੇਖਾਨੇ ਦੇ ਕਾਗਜ਼ਾਤ ਦੇਖਣ 'ਤੇ ਵੀ, ਜਿਥੋਂ ਕਿ ਇਹ ਸ਼ਸਤ੍ਰ ਸੰਨ ੧੮੪੬ ਵਿੱਚ ਵਲਾਇਤ ਲੈਜਾਏ ਗਏ, ਇਹਨਾਂ ਦੇ ਵੱਖੋ-ਵੱਖ ਵੇਰਵੇ ਇਸ ਪ੍ਰਕਾਰ ਹਨ:

(੧) ਸ਼ਿਪਰ (ਢਾਲ) ਅਤੇ ਸ਼ਮਸ਼ੇਰ ਲੋਹੇ ਦੀ ਦਾਉ ਸਮੇਤ ਸੰਨ ੧੮੨੩, ੧੮੨੯ ਈ: ਵਿੱਚ ਪਹਾੜੀਏ ਵਲੋਂ, (੨) ਨੇਜ਼ਾ ਹਜ਼ੂਰ ਸਾਹਿਬ (ਨੰਦੇੜ) ਦੇ ਸਿੰਘਾਂ ਵਲੋਂ, (੩) ਸਰਬ ਲੋਹ ਦਾ ਚੱਕ੍ਰ ਇਕ ਅਕਾਲੀ ਸਿੰਘ ਵਲੋਂ, (੪) ਸ਼ਮਸ਼ੇਰ ਤੇਗਾ ਬਾਬਾ ਭਾਰਤੀ ਵਲੋਂ, (੫) ਕੱਚ ਦੀ ਕਲਗੀ ਸੰਨ ੧੮੨੪ ਈ: ਵਿੱਚ ਵੈਰੋਵਾਲ

(ਅੰਮ੍ਰਿਤਸਰ) ਦੇ ਇਕ ਬਾਵੇ ਵਲੋਂ ਮਹਾਰਾਜਾ ਰਣਜੀਤ ਸਿੰਘ ਨੂੰ, (੬) ਬਰਛੀ ਕਮਲਾ ਗੜ੍ਹ (ਮੰਡੀ) ਫ਼ਤਹਿ ਕਰਨ ਤੇ ਜਨਰਲ ਵੈਨਤੂਰਾ ਵਲੋਂ ਕੰਵਰ ਨੌਨਿਹਾਲ ਸਿੰਘ ਨੂੰ ਅਤੇ (੭) ਬਰਛਾ ਸੰਨ ੧੮੪੪ ਵਿੱਚ ਜੰਮੂ ਉੱਤੇ ਚੜ੍ਹਾਈ ਕਰਨ ਸਮੇਂ ਖ਼ਾਲਸਾ ਫ਼ੌਜ ਨੂੰ ਪ੍ਰਾਪਤ ਹੋਏ ਸਨ। ਇਹ ਸ਼ਸਤ੍ਰ ਲਿਆਉਣ ਜਾਂ ਦੇਣ ਵਾਲਿਆਂ ਵਿੱਚ ਕਿਤੇ ਵੀ ਕਿਸੇ ਮਜ਼੍ਹਬੀ ਸਿੱਖ ਦਾ ਜ਼ਿਕਰ ਨਹੀਂ ਹੈ। ਫਿਰ ਬਾਬਾ ਜੀਵਨ ਸਿੰਘ ਮਜ਼੍ਹਬੀ ਦਲ ਦੀ ਮੰਗ ਅਨੁਸਾਰ ਕਿਵੇਂ ਮੰਨਿਆ ਜਾਵੇ ਕਿ ਗੁਰੂ ਜੀ ਨੇ ਇਹ ਸ਼ਸਤ੍ਰ ਮਜ਼੍ਹਬੀ ਸਿੱਖਾਂ ਨੂੰ ਦਿੱਤੇ ਸਨ।

ਹੁਣ ਬਾਕੀ ਰਿਹਾ ਇਹ ਸਵਾਲ ਇਹ ਸ਼ਸਤ੍ਰ-ਅਸਤ੍ਰ, ਜੋ ਲਗਾਤਾਰ ੧੯੪੪-੪੫ ਤੋਂ ਚਲੀ ਆ ਰਹੀ ਜੱਦੋ-ਜਹਿਦ ਦੇ ਕਾਰਣ, ਜਿਵੇਂ ਕਿ ਸ੍ਰ: ਨਾਹਰ ਸਿੰਘ ਹੋਰਾਂ ਇਨ੍ਹਾਂ ਬਾਰੇ ਦਸੰਬਰ ੧੯੬੪ ਵਿੱਚ ਇਕ ਵਾਕਫੀਅਤ ਭਰਪੂਰ ਅੰਗਰੇਜ਼ੀ ਬੁੱਕ ਲੈੱਟ ਛਾਪ ਕੇ ਵੰਡੀ ਤੇ ਫੇਰ ਸ੍ਰੀ ਐਮ.ਐਸ.ਰੰਧਾਵਾ ਤੇ ਸਰਦਾਰ ਮਨਜੀਤ ਸਿੰਘ ਫਸਟ ਸਕੱਤ੍ਰ ਭਾਰਤੀ ਹਾਈ ਕਮਿਸ਼ਨ ਲੰਡਨ ਦੇ ਯਤਨਾਂ ਨਾਲ ਇਹ ਸ਼ਸਤ੍ਰ ਪ੍ਰਾਪਤ ਹੋਏ, ਹੁਣ ਰੱਖੇ ਕਿਥੇ ਜਾਣ ਤੇ ਇਨ੍ਹਾਂ ਦਾ ਕਸਟੋਡੀਅਨ ਕੌਣ ਹੋਵੇ? ਇਸ ਦਾ ਉੱਤਰ ਸਾਫ ਲਫਜ਼ਾਂ ਵਿੱਚ ਇਹੋ ਹੈ ਕਿ ਇਹ ਪਵਿੱਤਰ ਸ਼ਸਤ੍ਰ-ਅਸਤ੍ਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦਗਾਰ ਵਜੋਂ ਉਨ੍ਹਾਂ ਦੀ ਪਵਿੱਤਰ ਨਗਰੀ ਆਨੰਦਪੁਰ (ਤਖ਼ਤ ਸ੍ਰੀ ਕੇਸਗੜ੍ਹ) ਵਿਖੇ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਬਜ਼ੇ ਵਿੱਚ ਉਸੇ ਤਰ੍ਹਾਂ ਹੀ ਦਿੱਤੇ ਜਾਣ ਜਿਵੇਂ ਕਿ ਹਜ਼ਰਤ ਮੁਹੰਮਦ ਸਾਹਿਬ ਤੇ ਉਨ੍ਹਾਂ ਦੇ ਜਾਂ-ਨੀਸ਼ਨਾਂ ਦੇ ਤਬਰੁੱਕਾਤ ਸਰਕਾਰ ਨੇ ਸੰਨ ੧੮੪੯ ਵਿੱਚ ਲਾਹੌਰ ਦੇ ਤੋਸ਼ੇਖਾਨਿਓਂ ਕੱਢ ਕੇ ਲਾਹੌਰ ਦੇ ਮੁਸਲਮਾਨਾਂ ਨੂੰ ਸੌਂਪੇ ਸਨ ਤੇ ਉਹ ਤਬਰੁੱਕਾਤ ਉਸੇ ਸਮੇਂ ਤੋਂ ਹੁਣ ਤਕ ਲਾਹੌਰ ਦੀ ਸ਼ਾਹੀ ਮਸਜਿਦ ਵਿੱਚ, ਜੋ ਕਿਲ੍ਹਾ ਲਾਹੌਰ ਦੇ ਕੋਲ ਹੀ ਹੈ, ਬੜੇ ਮਾਣ ਨਾਲ ਰੱਖੇ ਹੋਏ ਹਨ। ਇਸ ਲਈ ਤਖ਼ਤ ਕੇਸਗੜ੍ਹ ਤੋਂ ਵਧ ਹੋਰ ਕੋਈ ਚੰਗੀ ਥਾਂ ਇਨ੍ਹਾਂ ਸ਼ਸਤ੍ਰਾਂ ਬਾਰੇ, ਮੇਰੀ ਜਾਚੇ, ਏਨੀ ਉਪਯੋਗੀ ਨਹੀਂ ਹੈ। ਬਾਕੀ ਰਿਹਾ ਇਹ ਸਵਾਲ ਕਿ ਇਹ ਸ਼ਸਤ੍ਰ ਕਿਸੇ ਸਰਕਾਰੀ ਅਜਾਇਬ ਘਰ ਵਿੱਚ ਰੱਖੇ ਜਾਣ, ਇਹ ਉੱਕੀ ਹੀ ਅਯੋਗ ਗੱਲ ਹੈ ਕਿਉਂਕਿ ਗੁਰੂ ਜੀ ਦੇ ਉਹ ਪਵਿੱਤ੍ਰ ਸ਼ਸਤ੍ਰ-ਅਸਤ੍ਰ, ਜਿਨ੍ਹਾਂ ਬਾਰੇ ਸ਼ਸਤ੍ਰ-ਨਾਮਮਾਲਾ ਵਿੱਚ "ਅਸਿ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ।। ਸੈਫ ਸਰੋਹੀ ਸੈਹਥੀ ਇਹੈ ਹਮਾਰੇ ਪੀਰ।" ਕਹਿ ਕੇ ਏਨਾ ਉੱਚਾ ਰੁਤਬਾ ਦਿੱਤਾ ਗਿਆ ਹੋਵੇ, ਉਹ ਕਦੀ ਕਿਸੇ ਅਜਾਇਬ ਘਰ ਵਿੱਚ ਨਹੀਂ ਜਾਣੇ ਚਾਹੀਦੇ। ਮੈਂ ਸਮਝਦਾ ਹਾਂ, ਅਜਿਹੀਆਂ ਪਵਿੱਤ੍ਰ ਚੀਜ਼ਾਂ ਅਜਾਇਬ ਘਰਾਂ ਵਿਚ ਰੱਖਣੀਆਂ ਹੀ ਉਨ੍ਹਾਂ ਦੀ ਤੌਹੀਨ ਹੈ।

(ਰੋਜ਼ਾਨਾ ਅਕਾਲੀ ਪਤ੍ਰਿਕਾ, ੧੬ ਮਾਰਚ, ੧੯੬੬)

# ੪.

# ਮਹਾਰਾਜਾ ਰਣਜੀਤ ਸਿੰਘ ਦਾ ਪੁਸਤਕਾਲਯ

ਪੰਜਾਬ ਸਰਕਾਰ ਦੇ ਇਤਿਹਾਸਕ ਕਾਗਜ਼ਾਂ ਦੀ ਫੋਲਾ ਫਾਲੀ ਕਰਦਿਆਂ ਮੈਨੂੰ ਸਿੱਖ ਰਾਜ ਦੇ ਪੁਸਤਕਾਲਯ ਦੀ ਇਕ ਲੰਮੀ ਸਾਰੀ ਸੂਚੀ ਮਿਲੀ ਹੈ, ਜੋ ਅੰਤਮ ਸਿੱਖ ਬਾਦਸ਼ਾਹ ਮਹਾਰਾਜਾ ਦਲੀਪ ਸਿੰਘ ਦੇ ਖਜ਼ਾਨਚੀ ਦੀਵਾਨ ਮੇਘ ਰਾਜ ਦੇ ਹੱਥਾਂ ਦੀ ਲਿਖੀ ਹੋਈ ਹੈ। ਉਸ ਵਿੱਚ ਖ਼ਾਲਸਾ ਦਰਬਾਰ ਲਾਹੌਰ ਦੇ ਪੁਸਤਕਾਲਯ ਦੀਆਂ ਜਿਤਨੀਆਂ ਪੁਸਤਕਾਂ ਦਾ ਜ਼ਿਕਰ ਹੈ ਉਹ ਸਭ ਉਸ ਸਮੇਂ ਕਿਲ੍ਹਾ ਲਾਹੌਰ ਦੇ ਤੋਸ਼ੇ ਖਾਨੇ ਵਿੱਚ ਮੌਜੂਦ ਸਨ। ਉਨ੍ਹਾਂ ਵਿਚੋਂ ਬਹੁਤੀਆਂ ਹੱਥਾਂ ਦੀਆਂ ਲਿਖੀਆਂ ਹੋਈਆਂ ਤੇ ਨਾਯਾਬ ਪੁਸਤਕਾਂ ਸਨ। ਇਹ ਅਮੋਲਕ ਪੁਸਤਕਾਲਯ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਵਿਦਿਅਕ ਪ੍ਰੇਮ ਦਾ ਨਤੀਜਾ ਸੀ, ਭਾਵੇਂ ਇਸ ਵਿੱਚ ਬਹੁਤ ਸਾਰੀਆਂ ਪੁਸਤਕਾਂ ਪਿੱਛੋਂ ਵੀ ਸ਼ਾਮਲ ਹੁੰਦੀਆਂ ਰਹੀਆਂ ਸਨ, ਇਹ ਅਮੋਲਕ ਪੁਸਤਕਾਲਯ ਕਦੋਂ ਤੇ ਕਿਵੇਂ ਬਣਿਆ ਤੇ ਇਸ ਵਿੱਚ ਕਿਸ ਵਿਸ਼ੇ ਦੀਆਂ ਕਿਹੜੀਆਂ ਕਿਹੜੀਆਂ ਪੁਸਤਕਾਂ ਤੇ ਹੋਰ ਹੱਥ-ਲਿਖਤਾਂ ਮੌਜੂਦ ਸਨ ਇਹ ਦੱਸਣ ਤੋਂ ਪਹਿਲਾਂ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਤੇ ਉਸ ਦੇ ਖਾਨਦਾਨ ਦੇ ਵਿਦਿਅਕ ਪ੍ਰੇਮ ਸੰਬੰਧੀ ਕੁਝ ਹਾਲ ਦੱਸਣਾ ਜ਼ਰੂਰੀ ਹੈ।

ਇਹ ਗੱਲ ਆਮ ਮਸ਼ਹੂਰ ਹੈ ਕਿ ਮਹਾਰਾਜਾ ਰਣਜੀਤ ਸਿੰਘ ਅਨਪੜ੍ਹ ਸੀ, ਮਗਰ ਇਸ ਹਕੀਕਤ ਦਾ ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਉਹ ਹੱਦ ਦਰਜੇ ਦਾ ਵਿਦਿਆ-ਪ੍ਰੇਮੀ ਮਹਾਰਾਜਾ ਸੀ। ਉਹ ਨਿਰਾ ਵਰਤਮਾਨ ਸਮੇਂ ਦੇ ਵਾਕਿਆਤ ਉੱਤੇ ਹੀ ਨਜ਼ਰ ਨਹੀਂ ਸੀ ਰੱਖਦਾ, ਭੂਤਕਾਲ ਦੀਆਂ ਘਟਨਾਵਾਂ ਨੂੰ ਵੀ ਚੰਗੀ ਤਰ੍ਹਾਂ ਵੇਖਦਾ-ਚਾਖਦਾ ਸੀ ਤੇ ਭੂਤ ਅਤੇ ਵਰਤਮਾਨ ਨੂੰ ਮਿਲਾ ਕੇ ਭਵਿੱਖਤ ਵਿੱਚ ਆਉਣ ਵਾਲੇ ਖ਼ਤਰਿਆਂ ਨੂੰ ਅਨੁਭਵ ਕਰਦਾ ਸੀ। ਪੱਛਮੀ ਸਭਿਅਤਾ ਪੰਜਾਬ ਦੇ ਭਵਿੱਖ ਉੱਤੇ ਕੀ ਅਸਰ ਪਾਵੇਗੀ ਤੇ ਇਸ ਦੇ ਵਹਾਉ ਵਿੱਚ ਪੈ ਕੇ ਰੁੜ੍ਹਨ ਤੋਂ ਸਾਡਾ ਬਚਾਉ ਕਿਵੇਂ ਹੋ ਸਕਦਾ ਹੈ, ਇਹ ਕੁਝ ਅਜਿਹੇ ਸਵਾਲ ਸਨ ਜਿਨ੍ਹਾਂ ਉੱਤੇ ਸ਼ੇਰਿ ਪੰਜਾਬ ਬਾਰ-ਬਾਰ ਦਿਮਾਗ ਲੜਾਉਂਦਾ ਰਹਿੰਦਾ ਸੀ।

ਵਿਦਵਾਨਾਂ ਬਾਰੇ ਉਸ ਦੇ ਦਿਲ ਵਿੱਚ ਚੋਖੀ ਕਦਰ ਸੀ। ਜੰਗਾਂ-ਯੁੱਧਾਂ ਤੇ ਇਲਾਕੇਦਾਰੀ ਦੇ ਫ਼ਿਕਰਾਂ ਦੇ ਕਾਰਣ ਭਾਵੇਂ ਉਹ ਅਜਿਹੇ ਸਾਮਾਨ ਪੈਦਾ ਨਾ ਕਰ

ਸਕਿਆ ਜਿਨ੍ਹਾਂ ਦੇ ਕਾਰਣ ਪੰਜਾਬ ਵਿੱਚ ਵਿਦਿਆ ਦਾ ਕੁਝ ਪ੍ਰਚਾਰ ਹੋ ਸਕਦਾ, ਪਰ ਫੇਰ ਵੀ ਉਸ ਨੇ ਵਿਦਿਆ ਵਾਸਤੇ ਕੋਈ ਕਸਰ ਬਾਕੀ ਨਹੀਂ ਸੀ ਛੱਡੀ। ਉਸ ਸਮੇਂ ਈਸਾਈ ਮਿਸ਼ਨਰੀਆਂ ਨੇ ਅੰਗਰੇਜ਼ੀ ਪੜ੍ਹਾਉਣ ਲਈ ਲੁਧਿਆਣੇ ਸਕੂਲ ਜਾਰੀ ਕਰ ਰੱਖਿਆ ਸੀ। ਮਹਾਰਾਜੇ ਨੇ ਸਰਕਾਰੀ ਖਰਚ ਉੱਤੇ ਕਈ ਵਿਦਿਆਰਥੀ ਉਥੇ ਪੜ੍ਹਨ ਵਾਸਤੇ ਭੇਜੇ ਤੇ ਆਪਣੇ ਬੇਟੇ ਸ਼ਾਹਜ਼ਾਦਾ ਸ਼ੇਰ ਸਿੰਘ ਲਈ ਅੰਗਰੇਜ਼ੀ ਪੜ੍ਹਾਉਣ ਦਾ ਪ੍ਰਬੰਧ ਵੀ ਕੀਤਾ ਸੀ, ਇਸ ਗੱਲ ਦੇ ਸਬੂਤ ਲਈ ਮਹਾਰਾਜਾ ਸ਼ੇਰ ਸਿੰਘ ਦੇ ਅੰਗ੍ਰੇਜ਼ੀ ਦਸਤਖ਼ਤ ਕਈ ਕਾਗਜ਼ਾਂ 'ਪਰ ਮਿਲਦੇ ਹਨ ਜੋ ਪੰਜਾਬ ਸਰਕਾਰ ਦੇ ਰੀਕਾਰਡ ਆਫਿਸ ਵਿੱਚ ਸਾਂਭ ਕੇ ਰੱਖੇ ਹੋਏ ਹਨ।

(ਸੀਤਾ ਰਾਮ ਕੋਹਲੀ, ਮਹਾਰਾਜਾ ਰਣਜੀਤ ਸਿੰਘ, ਸਫ਼ਾ ੩੨੨)

ਮਿਸਟਰ ਲੌਰੀ, ਜੋ ਲੁਧਿਆਣੇ ਦੇ ਅੰਗਰੇਜ਼ੀ ਸਕੂਲ ਦਾ ਤਜਰਬੇਕਾਰ ਉਸਤਾਦ ਸੀ, ਇਕ ਵੇਰ ਇਸੇ ਮਤਲਬ ਲਈ ਮਹਾਰਾਜੇ ਨੇ ਲਾਹੌਰ ਬੁਲਾਇਆ ਤੇ ਉਸ ਦੇ ਨਾਲ ਪੰਜਾਬ ਦੀ ਰਾਜਧਾਨੀ (ਲਾਹੌਰ) ਵਿੱਚ ਸਰਕਾਰੀ ਖਰਚ 'ਤੇ ਇਕ ਅੰਗਰੇਜ਼ੀ ਸਕੂਲ ਚਲਾਉਣ ਦੀ ਤਜਵੀਜ਼ ਕੀਤੀ, ਪਰ ਅੱਗੋਂ ਉਸ ਅੰਗਰੇਜ਼ ਨੇ ਸਕੂਲ ਵਿਚ ਬਾਈਬਲ ਪੜ੍ਹਾਉਣ ਦੀ ਖੁਲ੍ਹ ਮੰਗੀ। ਮਹਾਰਾਜ ਇਸ ਫਿਰਕੇਦਾਰਾਨਾਂ ਮੰਗ ਦੇ ਉੱਤਰ ਵਿੱਚ ਸਾਫ਼ ਨਾਂਹ ਕਰ ਗਿਆ, ਜਿਸ ਕਰਕੇ ਪੜ੍ਹਾਈ ਦੀ ਇਹ ਸਕੀਮ ਸਿਰੇ ਨਾ ਚੜ੍ਹ ਸਕੀ।

ਵਿਦਿਆ ਦੇ ਪ੍ਰਚਾਰ ਤੋਂ ਬਿਨਾਂ ਮਹਾਰਾਜਾ ਰਣਜੀਤ ਸਿੰਘ ਨੂੰ ਕਵਿਤਾ ਤੇ ਗਿਆਨ-ਚਰਚਾ ਨਾਲ ਵੀ ਦਿਲਚਸਪੀ ਸੀ। ਕਵੀ ਹਾਸ਼ਮ, ਭਾਈ ਬੁੱਧ ਸਿੰਘ, ਮਹਾਂਕਵੀ ਗਵਾਲ ਆਦਿ ਕਈ ਹਿੰਦੀ, ਪੰਜਾਬੀ, ਸੰਸਕ੍ਰਿਤ ਤੇ ਫਾਰਸੀ ਦੇ ਕਵੀ ਤੇ ਲਿਖਾਰੀ ਉਸ ਦੇ ਦਰਬਾਰ ਵਿੱਚ ਸਨ। ਇਤਿਹਾਸ ਲਿਖਵਾਉਣ ਵਿੱਚ ਵੀ ਮਹਾਰਾਜੇ ਦੀ ਖਾਸ ਰੁਚੀ ਸੀ ਤੇ ਇਸ ਕੰਮ ਲਈ ਉਸ ਨੇ ਮੁਨਸ਼ੀ ਸੋਹਨ ਲਾਲ ਅਤੇ ਦੀਵਾਨ ਅਮਰ ਨਾਥ ਰਾਜ-ਸਨਮਾਨ ਦੇ ਕੇ ਦਰਬਾਰ ਵਿਚ ਰੱਖੇ ਹੋਏ ਸਨ। ਮੁਨਸ਼ੀ ਸੋਹਨ ਲਾਲ ਦੀ ਉਮਦਾਤੁ-ਤਵਾਰੀਖ਼, ਅਰਥਾਤ-ਰੋਜ਼ਨਾਮਚਾ ਰਣਜੀਤ ਸਿੰਘ ਅਤੇ ਦੀਵਾਨ ਅਮਰਨਾਥ ਦਾ ਜ਼ਫ਼ਰਨਾਮਾ ਰਣਜੀਤ ਸਿੰਘ ਇਹ ਦੋਵੇਂ ਪੁਸਤਕਾਂ ਮਹਾਰਾਜੇ ਦੇ ਇਤਿਹਾਸਕ ਪ੍ਰੇਮ ਦਾ ਸਬੂਤ ਹਨ। ਇਸੇ ਤਰ੍ਹਾਂ ਇਕ ਪੁਸਤਕ ਹਿੰਦੁਸਤਾਨ ਦਾ ਇਤਿਹਾਸ ਮਹਾਰਾਜੇ ਲਈ ਲਿਖੀ ਗਈ ਸੀ।

(ਦੇਖੋ, ਰਸਾਲਾ ਮਾਧੁਰੀ ਲਖਨਊ, ਚੇਤ ਸੰਮਤ ੧੯੮੬, ਸਫ਼ਾ ੩੧੫)

ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਪੁਸਤਕ-ਪ੍ਰੇਮ ਦਾ ਅਨੁਮਾਨ ਇਸ ਗੱਲ ਤੋਂ ਹੀ ਚੰਗੀ ਤਰ੍ਹਾਂ ਲੱਗਦਾ ਹੈ ਕਿ ਇਕ ਵੇਰ ਜਦ ਪਿਸ਼ਾਵਰ ਵਿੱਚ ਜੰਗ ਹੋ ਰਿਹਾ ਸੀ ਤਾਂ ਮਹਾਰਾਜੇ ਦਾ ਹੁਕਮ ਸੀ ਕਿ ਚਮਕਨੀ ਦੀ ਜ਼ਿਆਰਤਗਾਹ ਵਿੱਚ

ਮੁਸਲਮਾਨਾਂ ਦਾ ਜੋ ਪੁਸਤਕਾਲਯ ਹੈ ਉਸ ਨੂੰ ਹਰ ਤਰ੍ਹਾਂ ਬਚਾ ਕੇ ਰੱਖਣਾ ਚਾਹੀਏ। ਏਥੇ ਹੀ ਬੱਸ ਨਹੀਂ, ਮਹਾਰਾਜੇ ਦੇ ਪਿਤਾ ਸਰਦਾਰ ਮਹਾਂ ਸਿੰਘ ਨੂੰ ਪੀਰ ਮੁਹੰਮਦ ਚੱਠੇ ਪਾਸੋਂ ਰਸੂਲ ਨਗਰ ਦੀ ਲੜਾਈ ਵਿੱਚ ਜੋ ਮੁਕੱਦਸ ਚੀਜ਼ਾਂ ਹਜ਼ਰਤ ਮੁਹੰਮਦ ਸਾਹਿਬ ਦੀਆਂ ਮਿਲੀਆਂ ਸਨ, ਉਹ ਮਹਾਰਾਜੇ ਨੇ ਬੜੇ ਸਤਿਕਾਰ ਨਾਲ ਲਾਹੌਰ ਮੰਗਵਾ ਕੇ ਕਿਲ੍ਹੇ ਵਿੱਚ ਸਾਂਭ ਕੇ ਰੱਖੀਆਂ ਸਨ। ਇਨ੍ਹਾਂ ਮੁਕੱਦਸ ਚੀਜ਼ਾਂ ਵਿੱਚ ਹਜ਼ਰਤ ਮੁਹੰਮਦ ਸਾਹਿਬ ਦੇ ਜੁੱਤੇ, ਛੜ੍ਹੀ, ਕੁੜਤਾ, ਟੋਪੀ, ਪੰਜਾਮੇ ਹੱਥ ਵਿੱਚ ਫੜਨ ਵਾਲੀ ਛਟੀ ਆਦਿ ਦੇ ਨਾਲ ਇਕ ਬੰਦਗੀ ਦੀ ਕਿਤਾਬ ਵੀ ਸੀ ਜੋ ਕੂਫ਼ੇ ਦੀ ਲਿੱਪੀ ਵਿੱਚ ਲਿਖੀ ਹੋਈ ਸੀ। ਨਜ਼ਾਮ ਹੈਦਰਾਬਾਦ ਤੇ ਇਕ ਦੋ ਹੋਰ ਮੁਸਲਮਾਨ ਨਵਾਬਾਂ ਨੇ ਚੋਖਾ ਇਵਜ਼ਾਨਾ ਦੇ ਕੇ ਇਹ ਮੁਕੱਦਸ ਚੀਜ਼ਾਂ ਲੈਣ ਦੀ ਖਾਹਿਸ਼ ਜ਼ਾਹਿਰ ਕੀਤੀ, ਪਰ ਮਹਾਰਾਜੇ ਨੇ ਉਨ੍ਹਾਂ ਨੂੰ ਕੋਰਾ ਜਵਾਬ ਦੇ ਦਿੱਤਾ (ਦੇਖੋ, ਪੰਜਾਬ ਰੀਕਾਰਡਜ਼) ਇਸ ਤੋਂ ਪਤਾ ਲੱਗਦਾ ਹੈ ਕਿ ਮਹਾਰਾਜੇ ਦੇ ਦਿਲ ਵਿੱਚ ਦੂਜੇ ਮਜ਼ਹਬਾਂ ਦੀਆਂ ਮੁਕੱਦਸ ਚੀਜ਼ਾਂ ਬਾਰੇ ਕਿੰਨੀ ਇੱਜ਼ਤ ਸੀ। ਚੂੰਕਿ ਗੁਰਬਾਣੀ ਦਾ ਪਾਠ ਸ੍ਰਵਣ ਕਰਨਾ ਮਹਾਰਾਜੇ ਦੇ ਨਿਤਨੇਮ ਵਿੱਚ ਸ਼ਾਮਲ ਸੀ, ਇਸ ਲਈ ਵਧੇਰੇ ਮੁਸਤਨਿਦ ਤੇ ਪਵਿੱਤਰ ਸਮਝ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ-ਕਰਤਾਰਪੁਰੀ ਬੀੜ ਤੇ ਖਾਰੀ(ਮਾਂਗਟਾਂ ਵਾਲੀ) ਬੀੜ-ਇਨ੍ਹਾਂ ਦੇ ਪੁਜਾਰੀਆਂ ਪਾਸੋਂ ਮੰਗਵਾ ਕੇ ਕਿਲ੍ਹਾ ਲਾਹੌਰ ਦੇ ਮੋਤੀ ਮੰਦਰ ਵਿੱਚ ਰੱਖੀਆਂ ਹੋਈਆਂ ਸਨ ਤੇ ਇਨ੍ਹਾਂ ਬੀੜਾਂ ਦਾ ਰੋਜ਼ ਪ੍ਰਕਾਸ਼ ਹੁੰਦਾ ਸੀ। ਕਰਤਾਰਪੁਰੀ ਬੀੜ ਪ੍ਰੋ: ਸੀਤਾ ਰਾਮ ਕੋਹਲੀ ਦੇ ਕਥਨ ਅਨੁਸਾਰ ਸੰਨ ੧੮੧੮ ਈ: ਵਿੱਚ ਅਤੇ ਪੰਜਾਬ ਸਰਕਾਰ ਦੇ ਰੀਕਾਰਡ ਦੀਆਂ ਲਿਖਤਾਂ ਅਨੁਸਾਰ ਸੰਨ ੧੮੩੦ ਵਿੱਚ ਲਾਹੌਰ ਪੁੱਜੀ ਸੀ। ਇਹ ਦੋਵੇਂ ਬੀੜਾਂ ਸਿੱਖ ਰਾਜ ਦੇ ਅੰਤ ਤੱਕ ਲਾਹੌਰ ਰਹੀਆਂ ਤੇ ਫੇਰ ਸਰਕਾਰ ਅੰਗਰੇਜ਼ੀ ਦੀ ਮਨਜ਼ੂਰੀ ਨਾਲ ਇਨ੍ਹਾਂ ਦੇ ਅਸਲੀ ਵਾਰਸਾਂ ਦੇ ਹਵਾਲੇ ਕੀਤੀਆਂ ਗਈਆਂ। ਸ੍ਰੀ ਗੁਰੂ ਗ੍ਰੰਥ ਸਾਹਿਬ ਲਿਖਵਾਉਣ ਦਾ ਵੀ ਮਹਾਰਾਜੇ ਨੂੰ ਸ਼ੌਕ ਸੀ, ਜਿਸ ਕਰਕੇ ਅਨੇਕਾਂ ਬੀੜਾਂ ਲਿਖਵਾ ਕੇ ਲੋੜਵੰਦ ਥਾਵਾਂ 'ਤੇ ਭਿਜਵਾਈਆਂ ਜਾਂਦੀਆਂ ਸਨ।

ਮਹਾਰਾਜਾ ਰਣਜੀਤ ਸਿੰਘ ਵਿਦਵਾਨਾਂ ਤੇ ਆਲਿਮ ਫ਼ਾਜ਼ਿਲ ਲੋਕਾਂ ਦੀ ਸੰਗਤ ਵਿੱਚ ਰਹਿਣ ਕਰਕੇ ਫ਼ਾਰਸੀ ਜ਼ਬਾਨ ਚੰਗੀ ਤਰ੍ਹਾਂ ਸਮਝ ਸਕਦਾ ਸੀ। ਪੰਜਾਬੀ ਉਸ ਦੇ ਘਰ ਦੀ ਜ਼ਬਾਨ ਸੀ ਤੇ ਹਿੰਦੀ ਵੀ ਉਸ ਨੂੰ ਆਉਂਦੀ ਸੀ। ਦਰਬਾਰ ਦੇ ਜ਼ਰੂਰੀ ਕਾਗਜ਼ ਪੱਤ੍ਰ ਉਹ ਖ਼ੁਦ ਸੁਣਦਾ ਤੇ ਉਨ੍ਹਾਂ ਬਾਰੇ ਸਮੇਂ-ਸਮੇਂ ਲੋੜੀਂਦੀਆਂ ਹਦਾਇਤਾਂ ਦਿੰਦਾ ਰਹਿੰਦਾ ਸੀ।

ਪੰਜਾਬ ਸਰਕਾਰ ਦੇ ਰੀਕਾਰਡਾਂ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਦਾ ਪੋਤਰਾ ਕੌਰ ਨਿਹਾਲ ਸਿੰਘ ਫ਼ਾਰਸੀ ਵਿੱਚ ਚੰਗੀ ਦਸਤਰਸ ਰੱਖਦਾ ਸੀ। ਸਰਦਾਰ ਸੁਲਤਾਨ ਮੁਹੰਮਦ ਖ਼ਾਨ ਬਾਰਕਜ਼ਈ ਦੇ ਨਾਲ ਉਹ ਕਈ ਵੇਰ ਫ਼ਾਰਸੀ ਵਿੱਚ ਗੱਲਾਂ-

ਬਾਤਾਂ ਕਰਿਆ ਕਰਦਾ ਸੀ। ਇਸੇ ਤਰ੍ਹਾਂ ਮਹਾਰਾਜਾ ਸ਼ੇਰ ਸਿੰਘ ਵੀ ਫ਼ਾਰਸੀ ਦਾ ਚੰਗਾ ਆਲਿਮ ਸੀ। ਉਸ ਨੇ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵੀ ਪੜ੍ਹੀ ਸੀ, ਚਾਹੇ ਉਹ ਅੰਗਰੇਜ਼ੀ ਵਿੱਚ ਏਨੀ ਯੋਗਤਾ ਨਹੀਂ ਸੀ ਰੱਖਦਾ। ਮਹਾਰਾਜਾ ਦਲੀਪ ਸਿੰਘ ਵੀ ਅੰਗਰੇਜ਼ੀ ਤੋਂ ਇਲਾਵਾ ਉਰਦੂ-ਫ਼ਾਰਸੀ ਲਿਖ-ਪੜ੍ਹ ਸਕਦਾ ਸੀ।

ਸਿੱਖ ਰਾਜ ਦੇ ਪੁਸਤਕਾਲਯ ਦੀਆਂ ਕਿਤਾਬਾਂ ਜੋ ਲੱਗ-ਭਗ ਤਿੰਨ ਚਾਰ ਪੁਸ਼ਤਾਂ ਤੋਂ ਜਮ੍ਹਾਂ ਹੁੰਦੀਆਂ ਚਲੀਆਂ ਆ ਰਹੀਆਂ ਸਨ, ਸਣੇ ਤਿੰਨ ਚਾਰ ਫੁਟਕਲ ਕਾਗਜ਼ੀ ਬੰਡਲਾਂ ਦੇ ਗਿਣਤੀ ਵਿਚ ੪੨੭ ਸਨ ਤੇ ਇਸ ਵਿੱਚ ਕਈ ਪੁਸਤਕਾਂ ਦੀਆਂ ਦੋ-ਦੋ ਜਾਂ ਇਸ ਤੋਂ ਵਧੀਕ ਕਾਪੀਆਂ ਵੀ ਸ਼ਾਮਲ ਸਨ। ਮਾਲੂਮ ਹੁੰਦਾ ਹੈ, ਇਨ੍ਹਾਂ ਪੁਸਤਕਾਂ ਵਿਚੋਂ ਕੁਝ ਤਾਂ ਮਹਾਰਾਜੇ ਦੀਆਂ ਖ਼ਾਨਦਾਨੀ ਸਨ ਜੋ ਸਰਦਾਰ ਚੜ੍ਹਤ ਸਿੰਘ ਜਾਂ ਸਰਦਾਰ ਮਹਾਂ ਸਿੰਘ ਸ਼ੁਕਰਚੱਕਰੀਏ ਦੇ ਸਮੇਂ ਦੀਆਂ ਸਨ ਅਤੇ ਕੁਝ ਪੁਸਤਕਾਂ ਕਈ ਪ੍ਰੇਮੀ ਵਿਦਵਾਨਾਂ ਜਾਂ ਪਰਜਾ ਦੇ ਲੋਕਾਂ ਵਲੋਂ ਬਤੌਰ ਭੇਟਾ ਦੇ ਮਿਲੀਆਂ ਹੋਣਗੀਆਂ ਜਿਵੇਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤ੍ਰ-ਅਸਤ੍ਰ ਸਤਿਗੁਰਾਂ ਦੀ ਕਲਗੀ ਸਮੇਤ, ਮਹਾਰਾਜੇ ਦੇ ਤੋਸ਼ੇਖਾਨੇ ਵਿੱਚ ਆ ਗਏ ਸਨ। ਇਸ ਤੋਂ ਬਿਨਾਂ ਕੁਝ ਪੁਸਤਕਾਂ ਮਹਾਰਾਜੇ ਨੂੰ ਪਿਸ਼ਾਵਰ ਤੇ ਕਸ਼ਮੀਰ ਤੋਂ ਮਿਲੀਆਂ ਸਨ, ਪਿਛੋਂ ਮਹਾਰਾਜਾ ਸ਼ੇਰ ਸਿੰਘ ਨੇ ਵੀ ਇਸ ਪੁਸਤਕਾਲਯ ਵਿੱਚ ਵਾਧਾ ਕੀਤਾ ਤੇ ਭਾਈ ਗੁਰਮੁਖ ਸਿੰਘ ਅੰਮ੍ਰਿਤਸਰ ਵਾਲਿਆਂ ਨੇ ਮਹਾਰਾਜੇ ਦੇ ਹੁਕਮ ਨਾਲ ਕੁਝ ਪੁਸਤਕਾਂ ਕਸ਼ਮੀਰੋਂ ਸੰਨ ੧੮੪੧ ਈ: ਵਿੱਚ ਅਕਤੂਬਰ ਦੇ ਮਹੀਨੇ ਲਿਆਂਦੀਆਂ ਸਨ। ਇਹ ਪੁਸਤਕਾਂ ਜਨਰਲ ਸਰਦਾਰ ਮਹਾਂ ਸਿੰਘ ਦੀ ਮਲਕੀਅਤ ਸਨ ਜੋ ਉਸ ਦੇ ਬਲਵੇ ਵਿੱਚ ਮਾਰੇ ਜਾਣ 'ਤੇ ਸਰਕਾਰ ਦੇ ਕਬਜ਼ੇ ਵਿੱਚ ਆਈਆਂ ਸਨ।

(ਪੰਜਾਬ ਰੀਕਾਰਡ ਬੁੱਕ ਨੰ: ੧੫੬)

ਇਨ੍ਹਾਂ ਤੋਂ ਇਲਾਵਾ ਕੁਝ ਅਜਿਹੀਆਂ ਦਰਸੀ ਕਿਤਾਬਾਂ ਵੀ ਸਨ ਜੋ ਉਸ ਸਮੇਂ ਪੰਜਾਬ ਦੇ ਸਕੂਲਾਂ ਜਾਂ ਚਰਸਗਾਹਾਂ ਵਿੱਚ ਪੜ੍ਹਾਈਆਂ ਜਾਂਦੀਆਂ ਸਨ ਤੇ ਇੰਜ ਜਾਪਦਾ ਹੈ ਕਿ ਇਹ ਦਰਸੀ ਕਿਤਾਬਾਂ ਜੋ ਸਿੱਖ ਰਾਜ ਦੇ ਪੁਸਤਕਾਲਯ ਦੀ ਸੂਚੀ ਵਿੱਚ ਸ਼ਾਮਲ ਹਨ, ਮਹਾਰਾਜਾ ਰਣਜੀਤ ਸਿੰਘ ਦੇ ਖ਼ਾਨਦਾਨ ਵਿੱਚ ਕੌਰ ਖੜਗ ਸਿੰਘ, ਕੌਰ ਨੌਨਿਹਾਲ ਸਿੰਘ, ਕੌਰ ਸ਼ੇਰ ਸਿੰਘ, ਕੌਰ ਪ੍ਰਤਾਪ ਸਿੰਘ ਆਦਿ ਸ਼ਾਹਜ਼ਾਦਿਆਂ ਨੂੰ ਪੜ੍ਹਾਈਆਂ ਜਾਂਦੀਆਂ ਰਹੀਆਂ ਹੋਣਗੀਆਂ।

ਸਿੱਖ ਰਾਜ ਦੇ ਪੁਸਤਕਾਲਯ ਵਿੱਚ ਹੇਠ ਲਿਖੀਆਂ ਛੇ ਜ਼ਬਾਨਾਂ ਦੀਆਂ ਪੁਸਤਕਾਂ ਸਨ: ਸੰਸਕ੍ਰਿਤ, ਹਿੰਦੀ, ਅਰਬੀ, ਫ਼ਾਰਸੀ, ਉਰਦੂ ਅਤੇ ਪੰਜਾਬੀ। ਮਜ਼ਮੂਨਾਂ ਦੇ ਲਿਹਾਜ਼ ਨਾਲ ਇਨ੍ਹਾਂ ਜ਼ਬਾਨਾਂ ਦੀਆਂ ਪੁਸਤਕਾਂ ਨੂੰ ਧਰਮ (ਸ਼ਰੀਅਤ), ਸਾਹਿਤ (ਅਦਬ) ਕਾਵਿ, ਜੋਤਿਸ਼, ਵੈਦਕ (ਹਿਕਮਤ), ਦਰਸ਼ਨ, ਤਸੱਵੁਫ਼, ਵਿਆਕਰਣ, ਜੁਗਰਾਫੀਆ, ਇਤਿਹਾਸ, ਮਨੋਵਿਗਿਆਨ, ਕਾਨੂੰਨ, ਹਿਸਾਬ, ਸ਼ਾਲਿਹੋਤ੍ਰ ਅਤੇ ਦਰਸੀ

ਕਿਤਾਬਾਂ ਦੇ ਨਾਮ ਦੇ ਸਕਦੇ ਹਾਂ। ਸੂਚੀ ਦੇਖਣ ਤੋਂ ਪਤਾ ਲੱਗਦਾ ਹੈ ਕਿ ਕਈ ਇਸ ਵਿੱਚ ਦੁਰਲੱਭ ਜਾਂ ਅਲੱਭ ਪੁਸਤਕਾਂ ਸਨ ਅਤੇ ਨੀਤੀ ਤੇ ਸਭਿਆਚਾਰ ਨਾਲ ਸੰਬੰਧ ਰੱਖਣ ਵਾਲੇ ਬਹੁ ਮੁੱਲੇ ਨੁਸਖਿਆਂ ਦੀ ਵੀ ਇਸ ਪੁਸਤਕ ਭੰਡਾਰ ਵਿੱਚ ਕਮੀ ਨਹੀਂ ਸੀ। ਕੁਝ ਚੀਜ਼ਾਂ ਮੰਤ੍ਰ ਸ਼ਾਸਤ੍ਰ ਦੇ ਸੰਬੰਧ ਵਿੱਚ ਵੀ ਸਨ। ਇਤਿਹਾਸ ਦੀਆਂ ਪੁਸਤਕਾਂ ਵਿਚੋਂ ਖ਼ਲਾਸਤੁਲ ਤਵਾਰੀਖ਼, ਜੰਗਨਾਮਾ ਜਹਾਂਗੀਰ, ਦਹਿ ਰਸਾਲਾ ਮੀਰਜ਼ਾ ਕਾਜ਼ਿਮ (ਔਰੰਗਜ਼ੇਬ ਦੀ ਤਵਾਰੀਖ਼) ਕਿਤਾਬਿ ਤਵਾਰੀਖ਼ ਕਲਾਂ (ਮੁਨਸ਼ੀ ਸੋਹਨ ਲਾਲ ਦੀ ਉਮਦਾਤੁ-ਤਵਾਰੀਖ਼ ਦਾ ਹੀ ਦੂਜਾ ਨਾਮ ਹੈ) ਅਤੇ ਦਾਸਤਾਨ ਬਾਦਸ਼ਾਹ ਆਲਿਮ। ਇਹ ਕਿਤਾਬਾਂ ਇਤਿਹਾਸਕ ਖੋਜ ਨਾਲ ਸੰਬੰਧ ਰੱਖਦੀਆਂ ਹਨ। ਇਨ੍ਹਾਂ ਤੋਂ ਬਿਨਾਂ ਸ਼ਾਹਨਾਮਾ, ਸਿਕੰਦਰ ਨਾਮਾ, ਹਾਤਮ ਨਾਮਾ, ਅਕਬਰ ਨਾਮਾ ਅਤੇ ਅਹਿਵਾਲਾਤਿ ਨਕਸ਼ ਬੰਦੀਅਹ ਦੇ ਬਹੁਮੁੱਲੇ ਪੁਰਾਤਨ ਨੁਸਖੇ ਵੀ ਮੌਜੂਦ ਸਨ। ਸਭ ਤੋਂ ਵੱਧ ਕੇ ਵਿਸ਼ੇਸ਼ਤਾ ਵਾਲੀ ਚੀਜ਼ ਇਸ ਪੁਸਤਕਾਲਯ ਵਿੱਚ 'ਖ਼ਾਨਾ ਸ਼ੁਮਾਰੀ ਦੇਹਾਤ ਪੰਜਾਬ' ਦੀ ਇਕ ਪ੍ਰਤੀ ਸੀ। ਅਜੇ ਤਕ ਪਤਾ ਨਹੀਂ ਲੱਗ ਸਕਿਆ ਕਿ ਇਹ ਖ਼ਾਨਾ ਸ਼ੁਮਾਰੀ ਪੰਜਾਬ ਵਿੱਚ ਕਦ ਹੋਈ ਸੀ ਤੇ ਇਸ ਦੇ ਨਾਲ ਹੀ ਮਰਦੁਮ ਸ਼ੁਮਾਰੀ ਵੀ ਹੋਈ ਹੋਣੀ ਹੈ। ਏਸ਼ੀਆਟਿਕ ਰੀਸਰਚਜ਼ (੧੮੩੨) ਜਿਲਦ ੧੭, ਸਫ਼ੇ ੪੦, ੯੩, ੫੩੫-੫੮ ਦੇ ਅਨੁਸਾਰ ਮਰਦੁਮ ਸ਼ੁਮਾਰੀ ਪਹਿਲੇ ਪਹਿਲ ਬਨਾਰਸ ਫੇਰ ਢਾਕੇ ਵਿੱਚ ਹੋਈ ਸੀ। ਇਸ ਸਮੇਂ ਈਸਟ ਇੰਡੀਆ ਕੰਪਨੀ ਦੀ ਹਕੂਮਤ ਵਲੋਂ ਨਾਲ ਲਗਦੇ ਹੋਰ ਇਲਾਕਿਆਂ ਦੀ ਜਨ-ਸੰਖਿਆ ਦੇ ਅਨੁਮਾਨ ਵੀ ਲਾਏ ਗਏ ਸਨ। ਅੰਗਰੇਜ਼ੀ ਫੌਜਾਂ ਦੇ ਮੁਕਾਬਲੇ 'ਤੇ ਪੰਜਾਬ ਦੀਆਂ ਫੌਜਾਂ ਨੂੰ ਤਿਆਰ-ਬਰ-ਤਿਆਰ ਕਰਨ ਵਾਲਾ ਰੌਸ਼ਨ ਦਿਮਾਗ਼ ਮਹਾਰਾਜਾ ਰਣਜੀਤ ਸਿੰਘ ਸਮੇਂ ਦੀ ਇਸ ਵਾਜਬ ਲੋੜ ਨੂੰ ਦੇਖ ਕੇ ਕਦ ਚੁੱਪ ਬੈਠਾ ਰਹਿ ਸਕਦਾ ਸੀ। ਜੇ ਉਸ ਨੇ ਪੰਜਾਬ ਦੀ ਜਨ-ਸੰਖਿਆ ਜਾਣਨ ਲਈ ਖ਼ਾਨਾ ਸ਼ੁਮਾਰੀ ਵੀ ਕਰਵਾਈ ਹੋਵੇ ਤਾਂ ਕੋਈ ਹੈਰਾਨੀ ਦੀ ਗੱਲ ਨਹੀਂ ਹੈ, ਪਰ ਇਹ ਖ਼ਾਨਾ ਸ਼ੁਮਾਰੀ ਦੇਹਾਤ ਪੰਜਾਬ ਦੀ ਰਿਪੋਰਟ ਅੱਜ ਕੱਲ੍ਹ ਕਿੱਥੇ ਹੈ, ਹਿੰਦੁਸਤਾਨ ਵਿੱਚ ਤਾਂ ਸ਼ਾਇਦ ਹੀ ਕਿਤੇ ਹੋਵੇ, ਸਮੁੰਦਰੋਂ ਪਾਰ ਵਿਲਾਇਤ ਹੀ ਭੇਜੀ ਗਈ ਹੋਣੀ ਹੈ। ਇਹ ਮੇਰਾ ਅਨੁਮਾਨ ਹੈ, ਪਰ ਸਹੀ ਤੌਰ 'ਤੇ ਇਸ ਸੰਬੰਧ ਵਿੱਚ ਕੁਝ ਨਹੀਂ ਕਿਹਾ ਜਾ ਸਕਦਾ।

ਪ੍ਰੋਫੈਸਰ ਸੀਤਾ ਰਾਮ ਕੋਹਲੀ ਲਿਖਦੇ ਹਨ ਕਿ ਮਹਾਰਾਜਾ ਰਣਜੀਤ ਸਿੰਘ ਨੇ ਇਕ ਹੋਣਹਾਰ ਨੌਜਵਾਨ ਮੀਆਂ ਕਾਦਰ ਬਖ਼ਸ਼ ਨੂੰ ਅੰਗਰੇਜ਼ੀ ਪੜ੍ਹਨ ਵਾਸਤੇ ਸਰਕਾਰੀ ਖਰਚ 'ਤੇ ਲੁਧਿਆਣੇ ਭੇਜਿਆ ਸੀ, ਕੁਝ ਸਮੇਂ ਪਿਛੋਂ ਪੜ੍ਹ-ਲਿਖ ਕੇ ਲਾਹੌਰ ਪੁੱਜਣ 'ਤੇ ਇਸ ਮੀਆਂ ਸਾਹਿਬ ਨੇ ਤੋਪ ਦੇ ਹੁਨਰ ਬਾਰੇ ਫ਼ਾਰਸੀ ਵਿੱਚ ਇਕ ਕਿਤਾਬ ਲਿਖੀ ਸੀ*, ਇਸ ਕਿਤਾਬ ਦਾ ਨਾਮ ਵੀ ਸ਼ਾਇਦ ਇਸ ਪੁਸਤਕਾਲਯ ਦੀ

* *ਮਹਾਰਾਜਾ ਰਣਜੀਤ ਸਿੰਘ, ਸਫ਼ਾ ੩੨੮*

ਸੂਚੀ ਵਿੱਚ ਹੋਵੇ, ਪਰ ਇਸ ਦਾ ਅਸਲ ਨਾਮ ਕੀ ਸੀ, ਇਸ ਬਾਰੇ ਪਤਾ ਨਹੀਂ ਲੱਗ ਸਕਿਆ। ਮੁਨਸ਼ੀ ਸੋਹਨ ਲਾਲ ਤੇ ਪ੍ਰੋਫੈਸਰ ਕੋਹਲੀ ਸਾਹਿਬ ਦੀ ਲਿਖਤ ਤੋਂ ਪਤਾ ਲੱਗਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਵਿਲਾਇਤ ਦਾ ਜ਼ਾਬਤਾ ਦੀਵਾਨੀ ਤੇ ਅੰਗਰੇਜ਼ੀ ਪਾਰਲੀਮੈਂਟ ਦੇ ਰਾਜ ਪ੍ਰਬੰਧ ਬਾਰੇ ਦੋ ਪੁਸਤਕਾਂ ਅੰਗਰੇਜ਼ੀ ਵਿਚੋਂ ਅਨੁਵਾਦ ਕਰਵਾਈਆਂ ਸਨ, ਜਿਨ੍ਹਾਂ ਵਿਚੋਂ ਇਕ ਜ਼ਾਬਤੇ ਦਾ ਅਨੁਵਾਦ ਮੁਨਸ਼ੀ ਸੋਹਨ ਲਾਲ ਨੇ ਆਪਣੀ ਪੁਸਤਕ ਉਮਦਾਤੁ-ਤਵਾਰੀਖ਼ ਵਿੱਚ ਦਿੱਤਾ ਹੈ ਤੇ ਦੂਜਾ ਅਨੁਵਾਦ 'ਦਰਬਾਰ ਲਾਹੌਰ' ਦੀ ਸੂਚੀ ਨੰ: ੨੬੩ 'ਪਰ ਦਰਜ ਹੈ। ਇਸ ਅਨੁਵਾਦ ਦਾ ਨਾਮ ਹੈ-ਕਵਾਇਦਿ ਆਈਨਿ ਅੰਗਰੇਜ਼ੀ ਦਰ ਗੁਰਮੁਖੀ। ਇਹ ਅਨੁਵਾਦ ਖਾਸ ਤੌਰ 'ਤੇ ਮਹਾਰਾਜੇ ਦੀ ਆਗਿਆ ਨਾਲ ਕੀਤਾ ਗਿਆ ਸੀ। ਇਸੇ ਤਰ੍ਹਾਂ ਇਕ ਕਾਨੂੰਨੀ ਪੁਸਤਕ ਸੰਸਕ੍ਰਿਤ ਵਿੱਚ ਹਿੰਦੂ ਪਰਜਾ ਵਾਸਤੇ ਲਿਖੀ ਗਈ ਸੀ। ਉਸ ਦਾ ਨਾਮ 'ਵਿਵਾਦਾਰਣਵ ਸੇਤੂ' ਸੀ।[1]

ਸੰਸਕ੍ਰਿਤ ਤੇ ਹਿੰਦੀ-ਪੰਜਾਬੀ ਦੀਆਂ ਪ੍ਰਸਿੱਧ ਪੁਸਤਕਾਂ, ਜੋ ਸਿੱਖ ਰਾਜ ਦੇ ਪੁਸਤਕਾਲਯ ਵਿੱਚ ਮੌਜੂਦ ਸਨ, ਇਹ ਸਨ: ਲੀਲਾਵਤੀ, ਰਮਾਇਣ, ਮਹਾਂਭਾਰਤ, ਧਰਮ ਸ਼ਾਸਤ੍ਰ, ਸਤੋਤ੍ਰ ਤੀਰਥੰਕੁਰ, ਸ਼ਿਵ ਜੀ, ਮਹਾਤਮ, ਰਾਮ ਚੰਦ੍ਰਿਕਾ (ਕੇਸ਼ਵ), ਸੁਖ ਸਾਰ ਸੰਗ੍ਰਹ ਵਿਹਾਰੀ ਸਤਸਈ, ਅਮਰਕੋਸ਼, ਰਾਜਨੀਤ, ਸਭਾ ਪ੍ਰਕਾਸ਼ (ਹਰਚਰਨ ਦਾਸ), ਰਸਿਕਾਨੰਦ ਭਾਸ਼ਾ, ਪੰਚ ਰਾਸ ਗੁਟਕਾ, ਪੰਚ ਦਸ਼ੀ, ਹਨੂਮਾਨ ਨਾਟਕ, ਤੁਲਸੀ ਸਤਸਈ, ਨਜਾਤੁਲ ਮੋਮਨੀਨ, ਰਸਿਕ ਪ੍ਰਿਯਾ, ਰਾਗ ਬਿਲਾਸ, ਕਵਿ ਵੱਲਭ (ਹਰਿਚਰਨ ਦਾਸ), ਕਰਣਾਭਰਣ, ਨੌ-ਰਤਨ ਦੋਹਰਾ, ਕਨੌਜ ਸੰਦੀਪ, ਵਸਿਸ਼ਟ ਵੇਦਾਂਤ, ਸੰਗੀਤ ਸਾਰ, ਚਲਿਤ੍ਰ ਗ੍ਰੰਥ (ਚਰਿਤ੍ਰੋ-ਪਾਖਯਾਨ ਪਾਤਸ਼ਾਹੀ੧੦), ਕਵਾਇਦ ਆਈਨ ਅੰਗਰੇਜ਼ੀ ਦਰ ਗੁਰਮੁਖੀ, ਕੁਸ਼ਟ ਨਿਦਾਨ, ਤਾਰੀਫ਼ ਮਹਾਰਾਜਾ ਸ਼ੇਰ ਸਿੰਘ, ਸਭਾ ਪ੍ਰਕਾਸ਼ ਗੁਰਮੁਖੀ, ਸਿੰਘ ਕਥਾ ਅਤੇ ਪੰਜ ਗੁਰਮੁਖੀ ਪੁਸਤਕਾਂ, ਜਿਨ੍ਹਾਂ ਦੇ ਨਾਮਾਂ ਦਾ ਪਤਾ ਨਹੀਂ। ਇਨ੍ਹਾਂ ਤੋਂ ਬਿਨਾਂ ਕਾਗਜ਼ਾਤ ਅਰਬੀ ਫ਼ਾਰਸੀ ਤੇ ਕਾਗਜ਼ਾਤ ਸ਼ਾਸਤ੍ਰੀ (ਨਾਗਰੀ) ਦੇ ਦੋ ਅਲਹਿਦਾ-ਅਲਹਿਦਾ ਬੰਡਲ ਸਨ। ਸ਼ਾਇਦ ਇਨ੍ਹਾਂ ਦੋਹਾਂ ਬੰਡਲਾਂ ਵਿੱਚ ਹਿੰਦੂ ਤੇ ਮੁਸਲਮਾਨ ਰਿਆਸਤਾਂ ਦੇ ਕਾਗਜ਼ਾਤ ਤੇ ਅਹਿਦਨਾਮੇ ਹੋਣਗੇ।

ਇਸ ਪੁਸਤਕ ਸੂਚੀ ਵਿੱਚ ਅਰਬੀ-ਫ਼ਾਰਸੀ ਦੀਆਂ ਕਿਤਾਬਾਂ ਦੀ ਗਿਣਤੀ, ਜਿਨ੍ਹਾਂ ਵਿੱਚ ਉਰਦੂ ਦੀਆਂ ਕਿਤਾਬਾਂ ਵੀ ਸ਼ਾਮਲ ਹਨ, ਬਹੁਤ ਜ਼ਿਆਦਾ ਹੈ ਤੇ ਅਰਬੀ-ਫ਼ਾਰਸੀ ਦੀਆਂ ਬਹੁਤ ਸਾਰੀਆਂ ਕਿਤਾਬਾਂ, ਜੋ ਇਸ ਸੂਚੀ ਵਿੱਚ ਆਈਆਂ ਹਨ, ਇਸਲਾਮੀ ਸ਼ਰੀਅਤ ਦੇ ਮੁਤੱਲਕ ਹਨ। ਉਨ੍ਹਾਂ ਵਿਚੋਂ ਕੁਝ ਕੁ ਚੋਣਵੀਆਂ ਕਿਤਾਬਾਂ ਦੀ ਸੂਚੀ ਇਹ ਹੈ: ਤਕਵੀਅਤੁਲ ਈਮਾਨ, ਕਫ਼ਾਯਹ ਸ਼ਰਹ ਹਦਾਯਹ, ਹਦਾਇਤੁਲ ਕੁਰਾਨ, ਸ਼ਰਹ ਕੁਰਾਨ, ਦਲਾਇਲੁਲ ਖ਼ੈਰਾਤੁ, ਕੁਲਾਮੁੱਲਾ, ਤਫ਼ਸੀਰ

---

1 ਸ੍ਰੀ ਵੈਂਕਟੇਸ਼੍ਵਰ ਸਟੀਮ ਪ੍ਰੈਸ ਬੰਬਈ ਤੋਂ ਇਹ ਪੁਸਤਕ ਇਕ ਵੇਰ ਛਪ ਚੁੱਕੀ ਹੈ।

ਜਾਹਦੀ, ਸ਼ਰਹ ਸ਼ਾਫੀਆਂ ਨਜਾਤੁਲ ਮੋਮਨੀਨ ਆਦਿ । ਡਾਕਟਰ ਅਬਦੁੱਲਾ ਸਾਹਿਬ ਪ੍ਰੋਫੈਸਰ ਓਰੀਅੰਟਲ ਕਾਲਜ ਲਾਹੌਰ ਦੇ ਕਥਨ ਅਨੁਸਾਰ ਇਨ੍ਹਾਂ ਇਸਲਾਮੀ ਕਿਤਾਬਾਂ ਵਿੱਚ ਇਕ ਦੋ ਪੰਜਾਬੀ ਪੁਸਤਕਾਂ ਦੇ ਨੁਸਖੇ ਵੀ ਹੋ ਸਕਦੇ ਹਨ।

ਈਸਾਈਆਂ ਦੀ ਧਰਮ ਪੁਸਤਕ ਇੰਜੀਲ ਵੀ ਸਿੱਖ ਰਾਜ ਦੇ ਪੁਸਤਕਾਲੇ ਦੀ ਸੂਚੀ ਵਿਚ ਦਰਜ ਹੈ। ਇਹ ਇੰਜੀਲ ਫ਼ਾਰਸੀ ਜ਼ਬਾਨ ਵਿੱਚ ਸੰਨ ੧੮੪੨ ਈ: ਨੂੰ ਕਲਕੱਤੇ ਛਪੀ ਸੀ ਤੇ ਪੰਜਾਬ ਦੀ ਵੰਡ ਤੋਂ ਪਹਿਲਾਂ ਪੰਜਾਬ ਸਰਕਾਰ ਦੇ ਸਿਵਲ ਸੈਕ੍ਰੇਟੇਰੀਏਟ ਰੀਕਾਰਡ ਆਫ਼ਿਸ ਵਿੱਚ ਲਾਹੌਰ ਰੱਖੀ ਹੋਈ ਸੀ। ਅੱਜ ਕੱਲ੍ਹ ਇਹ ਪੁਸਤਕ ਪਤਾ ਨਹੀਂ ਕਿੱਥੇ ਹੈ। ਇਸ ਪੁਸਤਕ ਦੀ ਜਿਲਦ ਦਾ ਇਕ ਗੱਤਾ ਗਵਾਚਿਆ ਹੋਇਆ ਹੈ ਅਤੇ ਨੰ: ੯੨ ਦੇ ਕੇ ਇਸ ਪੁਸਤਕ ਦੇ ਉੱਤੇ ਇਹ ਨੋਟ ਟਾਈਪ ਕਰਕੇ ਲਾਇਆ ਹੋਇਆ ਹੈ:

***New Testament (Persian) found in the fort at Lahore possibily used by Maharaja Dalip Singh.***

ਅਰਥਾਤ 'ਨਵਾਂ ਅਹਿਦਨਾਮਾ (ਫ਼ਾਰਸੀ) ਜੋ ਲਾਹੌਰ ਦੇ ਕਿਲ੍ਹੇ ਵਿਚੋਂ ਮਿਲਿਆ ਗਾਲਬਨ ਮਹਾਰਾਜਾ ਦਲੀਪ ਸਿੰਘ ਇਸ ਨੂੰ ਵਰਤਦਾ ਸੀ।'

ਪਰ ਇਹ ਖਿਆਲ ਕਰਨਾ ਠੀਕ ਨਹੀਂ ਕਿਉਂਕਿ ਮਹਾਰਾਜਾ ਦਲੀਪ ਸਿੰਘ ਉਸ ਸਮੇਂ ਜਦ ੧੮੪੯ ਵਿੱਚ ਅੰਗਰੇਜ਼ਾਂ ਨੇ ਪੰਜਾਬ ਉੱਤੇ ਅਧਿਕਾਰ ਜਮਾਇਆ, ਅਜੇ ਛੋਟੀ ਉਮਰ ਦਾ ਬੱਚਾ ਸੀ। ਉਸ ਨੇ ਈਸਾਈਆਂ ਦੇ ਨਵੇਂ ਅਹਿਦਨਾਮੇ ਨੂੰ ਕੀ ਪੜ੍ਹਨਾ ਸੀ, ਅਸਲ ਵਿੱਚ ਇਹ ਅਹਿਦਨਾਮਾ ਇਸ ਤੋਂ ਪਹਿਲਾਂ ਮਹਾਰਾਜਾ ਸ਼ੇਰ ਸਿੰਘ ਨੂੰ ਕਿਸੇ ਈਸਾਈ ਪ੍ਰਚਾਰਕ ਨੇ ਭੇਟਾ ਕੀਤਾ ਹੋਵੇਗਾ।

ਧਰਮ ਸੰਬੰਧੀ ਪੁਸਤਕਾਂ ਤੋਂ ਇਲਾਵਾ ਫ਼ਾਰਸੀ ਕਵਿਤਾ ਦੀਆਂ ਬਹੁਮੁੱਲੀਆਂ ਪੁਸਤਕਾਂ ਦੇ ਨਾਮ ਵੀ ਇਸ ਸੂਚੀ ਵਿੱਚ ਮਿਲਦੇ ਹਨ, ਜਿਵੇਂ-ਮਸਨਵੀ ਮੌਲਾਨਾ ਰੂਮ, ਮਸਨਵੀ ਨਜ਼ਾਮੀ, ਕਸਾਇਦਿ ਨਾਕਸ, ਸਿਕੰਦਰ ਨਾਮਾ, ਦੀਵਾਨਿ ਕਾਦਰੀ, ਦੀਵਾਨਿ ਨਾਜ਼ਮ, ਸ਼ਾਹਨਾਮ, ਸ਼ੀਰੀਂ ਵ ਖੁਸਰੋ, ਮਿਅਰਾਜ ਨਾਮ, ਦੀਵਾਨਿ ਕਾਸਮ, ਦੀਵਾਨਿ ਮਾਲੂਮ, ਦੀਵਾਨਿ ਕਲੀਮ, ਦੀਵਾਨਿ ਸਫ਼ਾਈ, ਦੀਵਾਨਿ ਹਾਫ਼ਿਜ਼, ਦੀਵਾਨਿ ਸਾਅਦੀ, ਦੀਵਾਨਿ ਮਸੀਹੀ, ਦੀਵਾਨਿ ਹਬੀਬ, ਦੀਵਾਨਿ ਖ਼ਾਕਾਨੀ, ਦੀਵਾਨਿ ਤੁਰਕੀ, ਦੀਵਾਨਿ ਮਾਧੋ ਰਾਮ, ਦੀਵਾਨਿ ਵਹੀਦ, ਮਸਨਵੀ ਨਾ-ਮਾਲੂਮ, ਕਸਾਇਦਿ ਉਰਫ਼ੀ ਆਦਿ। ਹਿਕਮਤ ਦੀਆਂ ਕਿਤਾਬਾਂ ਵਿੱਚ ਤਿੱਬ ਅਕਬਰ, ਦਸਤੂਰੁਲ ਇਲਾਜ, ਮੀਜ਼ਾਨਿ ਤਿੱਬ, ਮਖਜ਼ਨ-ਉਲ-ਅਦਵੀਆ ਆਦਿ ਕਿਤਨੀਆਂ ਹੀ ਕਿਤਾਬਾਂ ਦੇ ਨਾਂ ਹਨ। ਫੀਲਨਾਮਾ, ਅਸਪ ਨਾਮਾ ਆਦਿ ਦੋ ਚਾਰ ਕਿਤਾਬਾਂ ਹਾਥੀਆਂ ਤੇ ਘੋੜਿਆਂ ਦੇ ਇਲਾਜ ਸਬੰਧੀ ਵੀ ਸਨ। ਇਲਮਿ ਇਖ਼ਲਾਕ ਤੇ ਤਸੱਵੁਫ ਦੇ ਸੰਬੰਧ ਵਿੱਚ ਵੀ ਇਸ ਪੁਸਤਕਾਲੇ ਵਿੱਚ ਕਿਤਾਬਾਂ ਦੀ ਕਮੀ ਨਹੀਂ ਸੀ। ਸ਼ੇਰਿ-ਪੰਜਾਬ ਮਹਾਰਾਜਾ ਰਣਜੀਤ

ਸਿੰਘ ਜਿਵੇਂ ਖੁਦ ਗੁਣਾਂ ਦਾ ਪੁੰਜ ਸੀ ਤੇ ਹਰੇਕ ਤਰ੍ਹਾਂ ਦੀ ਮੁਲਕੀ, ਕੌਮੀ, ਧਾਰਮਕ ਤੇ ਭਾਈਚਾਰਕ ਵਾਕਫ਼ੀਅਤ ਰੱਖਦਾ ਸੀ, ਉਸੇ ਤਰ੍ਹਾਂ ਉਸ ਦਾ ਪੁਸਤਕਾਲਯ ਵੀ ਹਰੇਕ ਵਿਸ਼ੇ ਦੀਆਂ ਲੋੜੀਂਦੀਆਂ ਪੁਸਤਕਾਂ ਨਾਲ ਭਰਪੂਰ ਸੀ।

ਖ਼ਾਲਸਾ ਦਰਬਾਰ ਦਾ ਇਹ ਅਮੋਲਕ ਪੁਸਤਕਾਲਯ ਵੀ ਸੰਨ ੧੮੪੯ ਈ: ਵਿੱਚ ਜਦ ਸਰਕਾਰ ਅੰਗਰੇਜ਼ੀ ਨੇ ਪੰਜਾਬ ਉੱਤੇ ਕਬਜ਼ਾ ਕੀਤਾ ਤਾਂ ਦਰਬਾਰ ਲਾਹੌਰ ਦੇ ਹੋਰ ਸਾਮਾਨ ਦੇ ਨਾਲ ਹੀ ਜ਼ਬਤ ਕੀਤਾ ਗਿਆ। ਪੰਜਾਬ ਦੇ ਬੋਰਡ ਆਫ ਐਡਮਨਿਸਟਰੇਸ਼ਨ ਵਲੋਂ ਹੁਕਮ ਮਿਲਣ 'ਤੇ ਦੀਵਾਨ ਮੇਘ ਰਾਜ ਨੇ, ਜੋ ਦਰਬਾਰ ਲਾਹੌਰ ਦਾ ਖਜ਼ਾਨਚੀ ਸੀ, ਇਸ ਪੁਸਤਕਾਲਯ ਦੀ ਸੂਚੀ ਤਿਆਰ ਕੀਤੀ ਤੇ ਰਾਜ ਪ੍ਰਬੰਧ ਬੋਰਡ ਦੇ ਸਕੱਤਰ ਵਲੋਂ ਗਵਰਨਮੈਂਟ ਆਫ ਇੰਡੀਆ ਨੂੰ ਲਿਖਿਆ ਗਿਆ ਕਿ ਇਸ ਪੁਸਤਕਾਲਯ ਦੀਆਂ ਪ੍ਰਤੀਆਂ ਨਵੇਂ ਗਵਰਨਮੈਂਟ ਸਕੂਲ ਅੰਮ੍ਰਿਤਸਰ ਵਿੱਚ ਰੱਖੀਆਂ ਜਾਣ ਤੇ ਜੋ ਦੂਹਰੀਆਂ ਕਾਪੀਆਂ ਹੋਣ, ਉਹ ਨੀਲਾਮ ਕਰ ਦਿੱਤੀਆਂ ਜਾਣ, ਪਰ ਪਿਛੋਂ ਇਹ ਹੱਥ ਲਿਖਿਤ ਪੁਸਤਕਾਂ ਅੰਮ੍ਰਿਤਸਰ ਭੇਜਣ ਦੀ ਥਾਵੇਂ ਵਿਲਾਇਤ ਭੇਜਣੀਆਂ ਹੀ ਉਚਿਤ ਸਮਝੀਆਂ ਗਈਆਂ ਫੇਰ ਇਹ ਪੁਸਤਕਾਂ ਵਿਲਾਇਤ ਵਿੱਚ ਕਿਥੇ ਤੇ ਕਿਸ ਲਾਇਬਰੇਰੀ ਨੂੰ ਭੇਜੀਆਂ ਗਈਆਂ ਇਸ ਬਾਰੇ ਕੁਝ ਪਤਾ ਨਹੀਂ ਲੱਗਦਾ।

ਇਨ੍ਹਾਂ ਪੁਸਤਕਾਂ ਵਿੱਚ ਸ਼ੇਰਿ ਪੰਜਾਬ ਦੇ ਸਟੇਟ ਹਿਸਟੋਰੀਅਨ ਮੁਨਸ਼ੀ ਸੋਹਨ ਲਾਲ ਸੂਰੀ ਦਾ ਦਰਬਾਰ ਲਾਹੌਰ ਦਾ ਫ਼ਾਰਸੀ ਰੋਜ਼ਨਾਮਚਾ, ਜਿਸ ਦਾ ਨਾਮ ਹੈ ਕਿਤਾਬ ਤਾਰੀਖ਼ਿ ਕਲਾਂ ਵੀ ਸ਼ਾਮਲ ਸੀ, ਇਸ ਦੇ ਨਾਲ ਹੀ ਕਵਾਇਦਿ ਆਈਨਿ ਅੰਗਰੇਜ਼ੀ ਦਰ ਗੁਰਮੁਖੀ ਤਾਰੀਫ਼ ਮਹਾਰਾਜਾ ਸ਼ੇਰ ਸਿੰਘ ਤੇ ਕੁਝ ਨਾ ਮਾਲੂਮ ਗੁਰਮੁਖੀ ਹੱਥ ਲਿਖਿਤ ਪੁਸਤਕਾਂ, ਜਿਨ੍ਹਾਂ ਦੇ ਨਾਂ ਪੰਜਾਬ ਗਵਰਨਮੈਂਟ ਰੀਕਾਰਡਜ਼ ਨੰ: ੫੨-੫੫ ਮਿਤੀ ੩ ਮਈ, ੧੮੫੧ ਈ: ਵਿੱਚ ਦਰਜ ਨਹੀਂ ਸਨ, ਖਾਸ ਤੌਰ 'ਤੇ ਵਧੇਰੇ ਅਹਿਮ ਤੇ ਕਾਬਲਿ ਜ਼ਿਕਰ ਹਨ।

❃❃❃

''ਪੂਜਾ ਅਕਾਲ ਕੀ,
ਪਰਚਾ ਸ਼ਬਦ ਕਾ,
ਦੀਦਾਰ ਖਾਲਸੇ ਕਾ''

''ਕਿਰਤ ਕਰੋ,
ਨਾਮ ਜਪੋ,
ਵੰਡ ਛਕੋ''

''ਅੰਮ੍ਰਿਤ ਛਕੋ,
ਸਿੰਘ ਸਜੋ,
ਨਸ਼ੇ ਛੱਡੋ''

''ਗੁਰਮੁਖੀ ਸਿੱਖੋ,
ਗੁਰਮੁਖੀ ਲਿਖੋ,
ਗੁਰਮੁਖੀ ਪੜ੍ਹੋ''